**S. Partap Singh** was the third President of Delhi Unit. He occupied this position for about six years. During his period of President

ship, the Sanstha organised many big programmes including a trip to Europe for the purpose of Dharam Parchar. He was leader of the tour. He was also rendering very useful service for Singh Sabha Committee of Gurdwara Rajouri Garden, New Delhi. He was an expert in Computer, particularly keeping accounts on Tally. He was wonderful photographer, videographer and was highly active on social media's like facebook, whatsapp etc.

**H.S. Sethi** will be remembered by the Sanstha for his contribution in running English language and communication classes, which programme was highly appreciated. A large number of schools run by Delhi Sikh Gurdwara Management Committee had sent children in different batches for this training which was imparted by Sh. Sethi as a part of the educational programme of the Sanstha.

**S. Gurmeet Singh Bedi** was a prominent Sikh personality of Rajouri Garden, New Delhi. He had played an important role in setting up the Baru Sahib establishment at this place. He joined the Delhi Unit of the Sanstha in the year 2002 and rendered useful services for the progress and programmes of the Sanstha. He persuaded number of person to become its members. Even after shifting to USA, he remained associated with the activities of the Sanstha and attended all its programmes whenever he was in the country. When he developed the heart problem for which a bye pass surgery was recommended he was in India at that time too and decided to get the operation done by Dr. Trehan, a famous cardiologist at Vedanta Hospital in Gurgaon. However, due to some complication, the operation failed and S. Gurmeet Singh left the world on 5th January 2012. As he was very popular in social and religious circles, he will always be remembered by all of them. So far Sanstha is concerned; it was definitely a great loss. He will always remain in our hearts and his works will inspire us to go ahead with our mission.

**Dr. G.S. Sehgal** was a scholar, who remained principal of a college of education till his death. His services were also taken by Baru Sahib Group of Institutions for setting up their college of education. Dr. Sehgal was also a preacher of Sikh religion and even at the time of his death, the programme devised by him for giving lecture on Sri Guru Gobind Singh Ji and contribution of the tenth Guru, was still going on as a part of celebration of the 350th Birth Anniversary of Sri Guru Gobind Singh Ji. He was visiting the schools along with Sanstha's team for giving lectures on the relative subjects. Some schools were yet to be covered, when he was called back by Waheguru Ji. We will always miss him. As a very valuable associate and member of the Sanstha.

**Sh. D.L. Sarangi** worked with the Sanstha as a liaison person and helped the Sanstha in its initial stages by getting a number of works done from different Government departments. But for his efforts, many of Sanstha's works could not have been completed in such a short time. That is why, Sanstha remembers him for his love, dedication and tireless efforts.

**Subedar Mahinder Singh** was an honest and dedicated worker of the Sanstha, who managed its office for a number of years. He was highly loved and respected by the Sanstha's members.

☆☆☆

# ਸਿੱਖ ਨੌਜਵਾਨ ਬੱਚੇ ਬੱਚੀਆਂ ਦੀ ਸੰਭਾਲ ਪ੍ਰਤੀ ਗੁਰਦੁਆਰਿਆਂ ਦੀ ਭੂਮਿਕਾ

–ਡਾ. ਇੰਦਰਜੀਤ ਸਿੰਘ ਗੋਗੋਆਣੀ

ਇਸ ਵਿਚਾਰਧਾਰਾ ਦੇ ਖੇਤਰ ਵਿਚ ਸਮੂਹ ਗੁਰੂ ਨਾਨਕ ਨਾਮ ਲੇਵਾ, ਰਾਗੀ, ਢਾਡੀ, ਪ੍ਰਚਾਰਕ, ਕਥਾਵਾਚਕ, ਗ੍ਰੰਥੀ, ਪਾਠੀ, ਕੀਰਤਨੀਏ, ਅਧਿਆਪਕ, ਕਿਰਤੀ ਸਿੱਖ, ਮਾਪੇ ਅਤੇ ਮੁੱਖ ਰੂਪ ਵਿਚ ਗੁਰਦੁਆਰਿਆਂ ਦੇ ਪ੍ਰਬੰਧਕ ਸਾਹਿਬਾਨ ਆਉਂਦੇ ਹਨ। ਇਥੇ ਉਲਾਂਭੇ ਤੇ ਗਿਲੇ-ਸ਼ਿਕਵਿਆਂ ਦੀ ਗੁੰਜਾਇਸ਼ ਨਹੀਂ, ਸਗੋਂ ਅਮਲੀ ਰੂਪ ਵਿਚ ਕੁਝ ਕਰ ਗੁਜ਼ਰਨ ਦਾ ਸਮਾਂ ਹੈ। ਇਤਿਹਾਸ ਵਿਚ ਕਾਰਜਸ਼ੀਲਤਾ ਪੱਖੋਂ ਭੂਤਕਾਲ ਵਿਚ ਗੁਰਦੁਆਰਿਆਂ ਦੀ ਫ਼ਖਰਯੋਗ ਭੂਮਿਕਾ ਰਹੀ ਹੈ, ਵਰਤਮਾਨ ਵਿਚ ਵੀ ਬਹੁਤ ਕੁਝ ਚੰਗਾ ਹੋ ਰਿਹਾ ਹੈ, ਜਿੱਥੇ ਕਮਜ਼ੋਰ ਕੜੀ ਹੈ ਉਥੇ ਭੂਤਕਾਲ ਤੋਂ ਸੇਧ ਲੈ ਕੇ ਵਰਤਮਾਨ ਵਿਚ ਚੇਤੰਨ ਹੋ ਜਾਈਏ ਤਾਂ ਭਵਿੱਖ ਆਪਣੇ ਆਪ ਹੀ ਠੀਕ ਹੋ ਜਾਵੇਗਾ।

ਗੁਰਦੁਆਰਾ ਆਰੰਭਿਕ ਕਾਲ ਵਿਚ 'ਧਰਮਸ਼ਾਲਾ' ਸੀ ਭਾਵ ਧਰਮ ਕਮਾਉਣ ਵਾਲਾ ਸਥਾਨ। ਮਹਾਨ ਕੋਸ਼ ਅਨੁਸਾਰ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ ਧਰਮਸ਼ਾਲਾ ਰਿਹਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮਸ਼ਾਲਾ ਦੀ ਗੁਰਦੁਆਰਾ ਸੰਗਿਆ ਹੋਈ। ਗੁਰਦੁਆਰੇ ਦੇ ਕੋਸ਼ਗਤ ਅਰਥ ਸਤਿਗੁਰ ਦਾ ਘਰ, ਜਿਥੇ ਗੁਰਮਤਿ ਦੀ ਸਿਖਿਆ ਦਿੱਤੀ ਜਾਵੇ। ਇਸ ਲਈ ਹਰ ਗੁਰਸਿੱਖ ਦਾ ਸੰਯੋਗ (ਵਿਆਹ) ਗੁਰਦੁਆਰੇ ਰਾਹੀਂ ਪ੍ਰਭੂ ਪ੍ਰਤੀ ਨਾਲ ਹੋਣਾ ਹੈ। ਫੁਰਮਾਨ ਹੈ :

***ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥***

(ਸ੍ਰੀ ਗੁ. ਗ੍ਰੰ. ਸਾ., ਅੰਗ ੩੫੧)



–ਡਾ. ਇੰਦਰਜੀਤ ਸਿੰਘ ਗੋਗੋਆਣੀ

ਧਰਮਸ਼ਾਲਾ ਜਾਂ ਗੁਰਦੁਆਰਾ ਸਾਹਿਬ ਦੀ ਮਹੱਤਤਾ ਸਮਝਣੀ ਹੋਵੇ ਤਾਂ ਭਾਈ ਗੁਰਦਾਸ ਜੀ ਦਾ ਕਬਿੱਤ ਸਭਨਾਂ ਨੂੰ ਸੁਚੇਤ ਕਰਦਾ ਹੈ ਕਿ ਜਿਵੇਂ ਹੰਸਾਂ ਦੀ ਡਾਰ ਮਾਨ ਸਰੋਵਰ 'ਤੇ ਬੈਠਦੀ ਹੈ ਅਤੇ ਅਮੋਲਕ ਮੋਤੀ ਖਾ ਕੇ ਪ੍ਰਸੰਨ ਹੁੰਦੀ ਹੈ ਜਿਵੇਂ ਭਲੇ ਜਨ ਰਸੋਈ ਵਿਚ ਬੈਠ ਕੇ ਕਈ ਪ੍ਰਕਾਰ ਦੇ ਭੋਜਨਾਂ ਦੇ ਰਸ ਦਾ ਅਨੰਦ ਮਾਣਦੇ ਹਨ, ਤੀਸਰੀ ਉਦਾਹਰਨ ਜਿਵੇਂ ਬਿਰਖ ਦੀ ਛਾਵੇਂ ਅਨੇਕਾਂ ਪੰਛੀ ਮਿਲ ਬੈਠਦੇ ਤੇ ਮਿੱਠੇ ਫਲ ਖਾ ਕੇ ਮਿੱਠੇ ਬੋਲਾਂ ਦੁਆਰਾ ਸੁਹੰਦੇ ਹਨ, ਬਸ ਉਸੇ ਤਰ੍ਹਾਂ ਜਦ ਗੁਰੂ ਦੇ ਸਿੱਖ ਧਰਮਸ਼ਾਲ (ਗੁਰਦੁਆਰੇ) ਮਿਲ ਬੈਠਦੇ ਹਨ ਤਾਂ ਗੁਰੂ ਸ਼ਬਦ ਦੇ ਅੰਮ੍ਰਿਤ ਰਸ ਨੂੰ ਪੀ ਕੇ ਤ੍ਰਿਪਤ ਹੁੰਦੇ ਹਨ, ਅਨੰਦਦਾਇਕ ਹੁੰਦੇ ਹਨ।

***ਜੈਸੇ ਤੌ ਮਹਾਲ ਮਾਲ ਬੈਠਤ ਹੈ ਮਾਨਸਰ ਮੁਕਤਾ ਅਮੋਲ ਖਾਇ ਖਾਇ ਬਿਗਸਾਤ ਹੈ।***
***ਜੈਸੇ ਤੌ ਸੁਜਨ ਮਿਲਿ ਬੈਠਤ ਹੈ ਪਾਕਸਾਲਿ ਅਨਿਕ ਪ੍ਰਕਾਰ ਬਿੰਜਨਾਦਿ ਰਸ ਖਾਤ ਹੈ।***
***ਜੈਸੇ ਦ੍ਰੂਮ ਛਾਯਾ ਮਿਲਿ ਬੈਠਤ ਅਨੇਕ ਪੰਛੀ ਖਾਇ ਫਲ ਮਧੁਰ ਬਚਨ ਕੈ ਸੁਹਾਤ ਹੈ।***

*ਤੈਸੇ ਗੁਰ ਸਿਖ ਮਿਲਿ ਬੈਠਤ 'ਧਰਮਸਾਲ' ਸਹਜ ਸਬਦ ਰਸ ਅੰਮ੍ਰਿਤ ਅਘਾਤ ਹੈ॥*

(ਕਬਿਤ)

ਸਿੱਖੀ ਸਿਧਾਂਤਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਦੋ ਲੰਗਰ ਚੱਲਦੇ ਹਨ। ਇਕ 'ਤਨ' ਦੀ ਭੁੱਖ ਦੀ ਪੂਰਤੀ ਹੈ ਤੇ ਦੂਜਾ 'ਮਨ' ਦੀ ਭੁੱਖ ਦੀ ਪੂਰਤੀ ਹੈ। ਉਂਝ ਸਭ ਤੋਂ ਪਹਿਲਾਂ ਸਿੱਖ ਧਰਮ ਵਿਚ 'ਸ਼ਬਦ' ਦਾ ਲੰਗਰ ਸ਼ੁਰੂ ਹੋਇਆ। 'ਸ਼ਬਦ' ਸਾਡਾ ਗੁਰੂ ਹੈ, ਰੂਹਾਨੀਅਤ ਹੈ, ਸਦੀਵੀ ਸਾਥ ਹੈ, ਜੁਗੋ ਜੁਗ ਅਟੱਲ ਹੈ ਧੁਰ ਕੀ ਬਾਣੀ ਦਾ ਪ੍ਰਗਟ ਰੂਪ ਹੈ, ਅਕਾਲ ਦੇ ਹੁਕਮ 'ਚ ਆਇਆ ਹੈ। ਸ਼ਬਦ ਆਤਮਿਕ ਸ਼ਕਤੀ ਹੈ, ਸ਼ਬਦ ਹੀ ਬਿਬੇਕ ਹੈ, ਸ਼ਬਦ ਹੀ ਵਿਚਾਰ ਸ਼ਕਤੀ ਹੈ, ਸ਼ਬਦ ਹੀ ਧਰਮ ਪਾਲਣ ਦੀ ਪ੍ਰੇਰਨਾ ਹੈ, ਸ਼ਬਦ ਗੋਸਟੀ ਤੋਂ ਸਿਮਰਨ ਤੱਕ, ਵਿਜੋਗ ਤੋਂ ਸੰਜੋਗ ਵੱਲ ਮਿਲਾਪ ਦਾ ਮਹਾਂ ਮੰਤਰ ਹੈ। ਗੁਰੂ ਘਰ ਦੇ ਕੀਰਤਨੀਏ ਸੱਤਾ ਤੇ ਬਲਵੰਡ ਜੀ ਰਾਮਕਲੀ ਕੀ ਵਾਰ ਵਿਚ ਫੁਰਮਾਉਂਦੇ ਹਨ :

*ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥*

*(ਅੰਗ ੯੬੭)*

ਸ਼ਬਦ ਸਾਡੀ ਸੋਚ ਜਾਂ ਮਨ ਨੂੰ ਪ੍ਰਭਾਵਤ ਕਰਦਾ ਹੈ। ਇਸ ਲਈ ਗੁਰਬਾਣੀ ਵਿਚ ਵਾਰ-ਵਾਰ ਮਨ ਨੂੰ ਸੰਬੋਧਤ ਕੀਤਾ ਗਿਆ ਹੈ। ਹੁਣ ਸਵਾਲ ਕਿ ਮਨ ਕੀ ਹੈ ?

ਮਨ ਸਾਡੇ ਵਿਚਾਰ, ਫੁਰਨੇ ਜਾਂ ਖਿਆਲ ਹਨ। ਸਤਿਗੁਰਾਂ ਨੇ ਮਨ ਦੀ ਹੋਂਦ ਸਬੰਧੀ ਦਿਸਦਾ ਆਧਾਰ ਪੰਜ ਤੱਤਾਂ ਦੇ ਸਰੀਰਕ ਵਜੂਦ ਨੂੰ ਮੰਨਿਆ ਹੈ। ਫੁਰਮਾਨ ਹੈ :

*"ਇਹ ਮਨੁ ਪੰਚ ਤਤੁ ਤੇ ਜਨਮਾ॥"*

*(ਅੰਗ ੪੧੫)*

ਸਮ ਅਰਥ ਕੋਸ਼ ਵਿਚ ਮਨ ਲਈ ਉਡਨ ਪੰਖੇਰੂ, ਅਧਿਆਤਮ, ਆਤਮ, ਹਿਰਦਾ, ਚਿਤ, ਜੀਉ, ਜੀਅੜਾ, ਦਿਲ, ਨਫਸ ਤੇ ਮਨੂਆ ਆਦਿ ਸ਼ਬਦ ਵੀ ਵਰਤੇ ਹਨ। ਸਿਧ ਗੋਸਟਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰੀਰ ਨੂੰ ਹਟ ਦੇ ਸਮਾਨ ਅਤੇ ਮਨ ਨੂੰ ਵਣਜ ਕਰਨ ਵਾਲਾ ਕਿਹਾ ਹੈ :

*"ਤਨੁ ਹਟੜੀ ਇਹੁ ਮਨੁ ਵਣਜਾਰਾ॥"*

*(ਅੰਗ ੯੪੨)*

ਤੱਤਸਾਰ ਵਜੋਂ ਮਨੁੱਖੀ ਮਨ ਜਾਂ ਸੋਚ ਹੀ ਸ਼ਕਤੀਸ਼ਾਲੀ ਹੈ ਅਤੇ ਮਨ ਹੀ ਕਲਿਆਣਕਾਰੀ ਹੈ।

*ਇਹੁ ਮਨੁ ਸਕਤੀ ਇਹੁ ਮਨੁ ਸੀਉ॥*

*(ਅੰਗ ੩੪੨)*

ਹੁਣ ਅਸੀਂ ਕੇਂਦਰੀ ਨੁਕਤੇ ਵੱਲ ਪਰਤੀਏ ਕਿ ਸਿੱਖ ਨੌਜਵਾਨ ਬੱਚੇ ਬੱਚੀਆਂ ਦੀ ਸੰਭਾਲ ਤੋਂ ਕੀ ਭਾਵ ਹੈ ?

ਸਰਲ ਰੂਪ ਵਿਚ ਤਨ ਤੇ ਮਨ ਦੀ ਚੰਗੀ ਪਰਵਰਿਸ਼ ਜਾਂ ਪਾਲਣਾ ਲਈ ਧਰਮ ਪੱਖੋਂ ਸਹੀ ਸੋਚ, ਸਹੀ ਦਿਸ਼ਾ, ਸਹੀ ਸਿੱਖਿਆ, ਸਹੀ ਜੀਵਨ ਜਾਚ, ਸਹੀ ਮਰਯਾਦਾ, ਸਹੀ ਢੰਗ ਜਾਂ ਸਹੀ ਭਵਿੱਖਮਈ ਸੇਧ ਕੀ ਹੋ ਸਕਦੀ ਹੈ। ਇਸ ਵਿਚ ਖਾਣਾ, ਪੀਣਾ, ਪਹਿਨਣਾ, ਬੋਲ ਚਾਲ, ਉਠਣਾ-ਬੈਠਣਾ, ਸੰਗਤ, ਮਾਨਸਿਕ ਤੇ ਬੌਧਿਕ ਸ਼ਕਤੀ, ਸ਼ਰਧਾ, ਸਿਮਰਨ, ਭਰੋਸਾ, ਬਿਬੇਕ ਬੁੱਧ ਸਭ ਕੁਝ ਆ ਜਾਂਦਾ ਹੈ। ਹੁਣ ਸਵਾਲ ਹੈ ਕਿ ਗੁਰਦੁਆਰਾ ਸਾਹਿਬ ਤੋਂ ਨੌਜਵਾਨ ਬੱਚੇ ਬੱਚੀਆਂ ਨੂੰ ਇਹ ਪ੍ਰਾਪਤ ਹੋ ਰਿਹਾ ਹੈ ?

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿਚ ਗੁਰਦੁਆਰੇ ਦੀ ਪਰੀਭਾਸ਼ਾ ਤੇ ਸਰੂਪ ਸਬੰਧੀ ਲਿਖਿਆ ਹੈ, ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸੂਆਂ ਲਈ ਗਿਆਨ ਉਪਦੇਸ਼ਕ, ਰੋਗੀਆਂ ਲਈ ਸਫਾਖਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤ ਦੀ ਪੱਤ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਅਸਥਾਨ ਹੈ।

**ਪਿਛੋਕੜ ਵਿਚ ਗੁਰਦੁਆਰਿਆਂ ਦੀ ਭੂਮਿਕਾ :** ਆਪਣੀ ਹੋਂਦ ਕਾਲ ਤੋਂ ਲੈ ਕੇ ਸਿੱਖੀ ਦੀ ਬੁਨਿਆਦ

ਦਾ ਆਧਾਰ ਗੁਰਸੰਗਤਿ ਤੇ ਬਾਣੀ ਹੈ। ਸਾਡੇ ਵਡੇਰਿਆਂ ਦੀ ਗੁਰਮੁਖੀ ਸਿਖਲਾਈ ਦਾ ਆਧਾਰ ਗੁਰਦੁਆਰਾ ਸਾਹਿਬ ਹੀ ਸੀ। ਮੱਸਿਆ, ਪੁੰਨਿਆ, ਸੰਗਰਾਂਦ ਦੇ ਜੋੜ ਮੇਲਿਆਂ ਤੋਂ ਉਹਨਾਂ ਸਿੱਖੀ ਗ੍ਰਹਿਣ ਕੀਤੀ। ਸਾਡੇ ਧਰਮ ਦੀ ਸਿਧਾਂਤਕ ਸਥਾਪਤੀ, ਮਰਯਾਦਾ ਦੀ ਪਰਪੱਕਤਾ, ਸਿੱਖੀ ਦੀ ਘਾੜਤ ਦਾ ਮੁੱਖ ਆਧਾਰ ਹੀ ਗੁਰਦੁਆਰਾ ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਹਰਿਮੰਦਰ ਸਾਹਿਬ, ਕੀਰਤਪੁਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਆਦਿ ਸਮੂਹ ਇਤਿਹਾਸਕ ਸਥਾਨ ਹਨ। ਇਥੇ ਹੀ ਗੁਰਮੁਖੀ ਲਿਪੀ, ਨਿਤ ਦੀ ਮਰਯਾਦਾ, ਸੰਗਤ-ਪੰਗਤ, ਸੇਵਾ, ਸਿਮਰਨ, ਸੰਤ ਸਿਪਾਹੀ ਦਾ ਸੰਪੂਰਨ ਮਾਡਲ ਹੋਂਦ ਵਿਚ ਆਇਆ। ਸਾਡੀਆਂ ਸਮੂਹ ਸੰਪਰਦਾਵਾਂ, ਟਕਸਾਲਾਂ ਦੀ ਹੋਂਦ ਦਾ ਅਧਾਰ ਵੀ ਇਹੋ ਹੀ ਹੈ। ਇਥੋਂ ਤੱਕ ਕਿ ਸਿੰਘ ਸਭਾ ਲਹਿਰ ਦੇ ਨਾਮਵਰ ਵਿਦਵਾਨ ਗਿਆਨ ਦਿੱਤ ਸਿੰਘ ਜੀ ਸੰਪਰਦਾਈ ਵਿੱਦਿਆ ਪ੍ਰਾਪਤੀ ਵਾਲੇ ਸਨ। ਸਿੱਖ ਪੰਥ ਵਿਚ ਬੇਅੰਤ ਪ੍ਰਚਾਰਕ, ਕਥਾਵਾਚਕ, ਲੇਖਕ, ਗਿਆਨੀ, ਰਾਗੀ, ਢਾਡੀ, ਕਵੀਸ਼ਰ ਆਦਿ ਗੁਰਦੁਆਰਿਆਂ ਤੋਂ ਮਿਲੀ ਧਰਮ ਵਿੱਦਿਆ ਦੀ ਦੇਣ ਹਨ।

ਅਕਤੂਬਰ 1873 ਈ. ਵਿਚ ਹੋਂਦ ਵਿਚ ਆਈ ਸਿੰਘ ਸਭਾ ਲਹਿਰ ਵੀ ਤਾਂ ਕੁਝ ਵਿਸ਼ੇਸ਼ ਉਦੇਸ਼ ਲੈ ਕੇ ਚੱਲੀ ਸੀ। ਉਹਨਾਂ ਦੇ ਮੁੱਖ ਉਦੇਸ਼ ਸਨ, ਸਿੱਖ ਧਰਮ ਦੀ ਵਿਲੱਖਣਤਾ ਨੂੰ ਫਿਰ ਸਥਾਪਤ ਕਰਨਾ, ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨਾ, ਪੰਜਾਬੀ ਭਾਸ਼ਾ ਦਾ ਪ੍ਰਚਾਰ ਤੇ ਪੰਜਾਬੀ ਸਾਹਿਤ ਦਾ ਵਿਕਾਸ ਕਰਨਾ, ਨਵੀਆਂ ਸਿੰਘ ਸਭਾਵਾਂ ਦੀ ਸਥਾਪਨਾ ਕਰਨੀ, ਵਿਸ਼ੇਸ਼ ਕਰਕੇ ਨਵੇਂ ਸਕੂਲ ਕਾਲਜ ਖੋਲ੍ਹ ਕੇ ਸਿੱਖ ਨੌਜਵਾਨਾਂ 'ਚ ਸਿੱਖੀ ਦ੍ਰਿੜ੍ਹ ਕਰਵਾਉਣੀ ਆਦਿ। ਉਸ ਸਮੇਂ ਜੋ ਨਵੇਂ ਸਕੂਲ, ਕਾਲਜ ਸਥਾਪਤ ਹੋਏ, ਉਹਨਾਂ ਵਿਚ ਗੁਰਦੁਆਰਾ ਸਾਹਿਬ ਪਹਿਲਾਂ ਸਥਾਪਤ ਹੋਇਆ। ਨਾਮਵਰ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਕਾਲਜ ਦੀਆਂ ਕਲਾਸਾਂ ਮਈ 1897 ਵਿਚ ਸ਼ੁਰੂ ਹੋਈਆਂ, ਪਰ ਗੁਰਦੁਆਰਾ 1896 ਵਿਚ ਤਿਆਰ ਹੋਇਆ। ਸਮੂਹ ਸਕੂਲ/ਕਾਲਜ ਭਾਵੇਂ ਸ਼੍ਰੋਮਣੀ ਕਮੇਟੀ, ਚੀਫ ਖਾਲਸਾ ਦੀਵਾਨ, ਚੈਰੀਟੇਬਲ ਸੁਸਾਇਟੀ ਜਾਂ ਸਿੰਘ ਸਭਾਵਾਂ ਦੇ ਪ੍ਰਬੰਧ ਅਧੀਨ ਹਨ, ਪਰ ਫਿਰ ਵੀ ਇਹਨਾਂ ਨੇ ਆਪਣੀਆਂ ਅਮੀਰ ਪਰੰਪਰਾਵਾਂ ਸਾਂਭੀਆਂ ਹੋਈਆਂ ਹਨ। ਸਵੇਰ ਦੀ ਸਭਾ ਪਾਠ, ਕੀਰਤਨ ਤੇ ਅਰਦਾਸ ਨਾਲ ਸ਼ੁਰੂ ਹੁੰਦੀ ਹੈ। ਸਮੇਂ ਸਮੇਂ ਗੁਰਪੁਰਬ ਆਦਿ ਮਨਾਏ ਜਾਂਦੇ ਹਨ।

**ਅਜੋਕੇ ਸਮੇਂ ਵਿਚ ਗੁਰਦੁਆਰਿਆਂ ਦੀ ਭੂਮਿਕਾ :** ਅਜੋਕੇ ਸਮੇਂ ਵਿਚ ਦੇਸ਼/ਵਿਦੇਸ਼ ਵਿਚ ਬਹੁਤ ਸਾਰੇ ਗੁਰਦੁਆਰਿਆਂ ਵਿਚ ਪੰਜਾਬੀ, ਗੁਰਬਾਣੀ ਸੰਥਿਆ, ਸ਼ਬਦ ਕੀਰਤਨ, ਗਤਕਾ, ਕਵਿਤਾ, ਭਾਸ਼ਨ, ਦਸਤਾਰ ਸਿਖਲਾਈ ਆਦਿ ਦੀ ਗੁਰਮਤੀ ਰੰਗਣ ਵਾਲੀ ਸਿਖਲਾਈ ਦਿੱਤੀ ਜਾਂਦੀ ਹੈ। ਸੁਹਿਰਦ ਪ੍ਰਬੰਧਕਾਂ ਨੇ ਲਾਇਬ੍ਰੇਰੀਆਂ ਤੇ ਡਿਸਪੈਂਸਰੀਆਂ ਦਾ ਪ੍ਰਬੰਧ ਵੀ ਕੀਤਾ ਹੈ। ਕੁਝ ਗੁਰੂ ਘਰ ਵਿਚ ਬੱਚਿਆਂ ਦੀਆਂ ਖੇਡਾਂ ਦਾ ਪ੍ਰਬੰਧ ਅਤੇ ਸਰੀਰਕ ਤੰਦਰੁਸਤੀ ਲਈ ਜਿਮ ਆਦਿ ਵੀ ਹਨ। ਕਾਰਨ ਇਹੋ ਕਿ ਉਹ ਆਪਣੀ ਲੋੜ ਦੀ ਪੂਰਤੀ ਲਈ ਵੀ ਗੁਰੂ ਘਰ ਨਾਲ ਜੁੜੇ ਰਹਿਣਗੇ।

ਇਸੇ ਤਰ੍ਹਾਂ ਦੇਸ਼/ਵਿਦੇਸ਼ ਵਿਚ ਕੁਝ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਸਿੱਖੀ ਪਰੰਪਰਾਵਾਂ ਨੂੰ ਸਾਂਭਦਿਆਂ ਖਾਲਸਾ ਸਕੂਲ ਜਾਂ ਕਿੰਡਰ-ਗਾਰਡਨ ਆਦਿ ਵੀ ਸ਼ੁਰੂ ਕੀਤੇ ਹਨ।

ਬੱਚੇ-ਬੱਚੀਆਂ ਦੀ ਸੰਭਾਲ ਪ੍ਰਤੀ ਇਤਿਹਾਸਕ ਦ੍ਰਿਸ਼ਟੀ ਤੋਂ ਅਕਸਰ ਇਹ ਹਵਾਲਾ ਦਿੱਤਾ ਜਾਂਦਾ ਹੈ ਕਿ ਮਹਾਰਾਜਾ ਦਲੀਪ ਸਿੰਘ ਨੂੰ ਤਿੰਨ ਗੱਲਾਂ ਨੇ ਸਿੱਖੀ ਤੋਂ ਦੂਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਵਰਗਾ ਪਿਤਾ ਹੋਵੇ ਅਤੇ ਮਾਂ ਹੋਵੇ ਮਹਾਰਾਣੀ ਜਿੰਦਾਂ ਵਰਗੀ ਤੇ ਉਹ ਫਿਰ ਵੀ ਪਤਿਤ ਹੋ ਗਿਆ। ਉਹਦੇ ਪਤਿਤ ਹੋਣ ਦਾ ਵੱਡਾ ਕਾਰਨ ਤਿੰਨ ਮਾਂਵਾਂ ਤੋਂ ਦੂਰ ਹੋਣਾ ਸੀ।

ਪਹਿਲਾ ਕਾਰਨ—ਮਾਂ ਜਣਨੀ ਤੋਂ, ਦੂਜਾ

ਕਾਰਨ—ਮਾਂ ਬੋਲੀ ਤੋਂ, ਤੀਜਾ ਕਾਰਨ—ਮਾਂ ਧਰਤੀ ਤੋਂ। ਕਿਉਂਕਿ ਮਾਂ ਜਣਨੀ ਦੇ ਸਾਥ ਤੇ ਪਿਆਰ ਨਾਲ ਭਾਸ਼ਾ, ਸੰਸਕਾਰ, ਸ਼ਰਧਾ, ਧਰਮ ਦ੍ਰਿੜ੍ਹਤਾ ਤੇ ਭਰੋਸਾ ਪ੍ਰਪੱਕ ਰਹਿੰਦਾ ਹੈ। ਇਸੇ ਤਰ੍ਹਾਂ 'ਮਾਂ ਬੋਲੀ' ਦੇ ਪਿਆਰ ਤੋਂ ਹਰ ਧਰਤੀ ਦਾ ਮਨੁੱਖ ਪ੍ਰਭਾਵਤ ਹੁੰਦਾ ਹੈ। ਇਸ ਨਾਲ ਸਾਹਿਤ, ਮੰਨਤਾਂ ਮਨਾਉਤਾਂ, ਬਾਬਾਣੀਆਂ-ਕਹਾਣੀਆਂ, ਸਿੱਖਿਆਵਾਂ, ਕੌਮੀ ਭਾਵਨਾਵਾਂ ਆਦਿ ਉਜਾਗਰ ਹੁੰਦੀਆਂ ਹਨ। ਤੀਸਰਾ 'ਮਾਂ ਧਰਤੀ' ਦਾ ਮੋਹ ਮਨੁੱਖ ਦੀਆਂ ਅੰਤਰੀਵ ਭਾਵਨਾਵਾਂ ਦੀ ਜੜ੍ਹ ਡੂੰਘੀ ਕਰਦਾ ਹੈ। ਇਸ ਵਿਚ ਆਪਣਾਪਣ, ਵਾਤਾਵਰਨ, ਸੱਭਿਆਚਾਰ ਤੇ ਰਵਾਇਤਾਂ ਅਜ਼ਾਦੀ ਵਾਲੀ ਸੋਚ ਕਾਇਮ ਰਹਿੰਦੀ ਹੈ। ਕਿਸੇ ਨੂੰ ਗੁਲਾਮ ਕਰਨ ਲਈ ਇਹ ਸੋਚ ਉਡਾਰੀ ਖਤਮ ਕੀਤੀ ਜਾਂਦੀ ਹੈ।

ਗੁਰਦੁਆਰਿਆਂ ਨੇ ਇਹੋ ਸੋਚ ਨੂੰ ਕਾਇਮ ਰੱਖਿਆ ਹੈ ਅਤੇ ਸਿੱਖਾਂ ਵਿਚ ਕੌਮੀਅਤ ਦਾ ਜਜ਼ਬਾ ਤੇ ਸਿਧਾਂਤਕ ਸਪੱਸ਼ਟਤਾ ਬਰਕਰਾਰ ਹੈ।

**ਨੌਜਵਾਨ ਬੱਚੇ-ਬੱਚੀਆਂ ਲਈ ਕੀ ਕਾਰਜ ਹੋ ਰਹੇ ਹਨ :** ਸੁਹਿਰਦ ਪ੍ਰਬੰਧਕਾਂ ਨੇ ਕਾਫੀ ਗੁਰਦੁਆਰਿਆਂ ਵਿਚ ਪੰਜਾਬੀ ਦੀ ਸਿਖਲਾਈ, ਗੁਰਬਾਣੀ ਸੰਥਿਆ, ਕੀਰਤਨ, ਤਬਲਾ ਕਲਾਸ, ਗਤਕਾ ਸਿਖਲਾਈ ਆਦਿ ਦਾ ਪ੍ਰਬੰਧ ਕੀਤਾ ਹੈ। ਸਮੇਂ ਸਮੇਂ ਗੁਰਪੁਰਬ ਸਮਾਗਮਾਂ 'ਤੇ ਨੌਜਵਾਨ ਬੱਚੇ ਬੱਚੀਆਂ ਸੇਵਾਵਾਂ ਵਿਚ ਹਿੱਸਾ ਲੈਂਦੇ ਹਨ। ਇਸੇ ਤਰ੍ਹਾਂ ਗੁਰਬਾਣੀ ਕੰਠ ਮੁਕਾਬਲੇ, ਕੁਇਜ ਪ੍ਰੋਗਰਾਮ, ਦਸਤਾਰ ਦੀ ਸਿਖਲਾਈ ਅਤੇ ਸੁੰਦਰ ਦਸਤਾਰ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਕੁਝ ਪ੍ਰਬੰਧਕ ਸਕੂਲਾਂ/ਕਾਲਜਾਂ ਦੀਆਂ ਛੁੱਟੀਆਂ ਸਮੇਂ ਗੁਰਮਤਿ ਕੈਂਪ ਵੀ ਲਗਾਉਂਦੇ ਹਨ। ਅਜਿਹੀ ਸੋਚ ਵਾਲੇ ਸਮੂਹ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ।

**ਗੁਰਦੁਆਰਿਆਂ ਵਿਚ ਨਵੇਂ ਉਦਮ ਹੋਰ ਕੀ ਹੋ ਸਕਦੇ ਹਨ :** ਨੌਜਵਾਨ ਬੱਚੇ ਬੱਚੀਆਂ ਦੀ ਸੰਭਾਲ ਲਈ ਕੁਝ ਹੋਰ ਸੁਝਾਓ ਵੀ ਆਪ ਜੀ ਦੇ ਦ੍ਰਿਸ਼ਟੀਗੋਚਰ ਕਰ ਰਿਹਾ ਹਾਂ, ਜਿਹਨਾਂ ਉਪਰ ਵਿਚਾਰ ਹੋ ਸਕਦੀ ਹੈ।

1. ਵਿਦਿਆਰਥੀਆਂ ਦੀ ਧਾਰਮਿਕ ਸਿਖਲਾਈ ਦੇ ਨਾਲ-ਨਾਲ ਗੁਰਦੁਆਰਿਆਂ ਵਿਚ ਅਕਾਦਮਿਕ ਪੱਖੋਂ ਟਿਊਸ਼ਨ ਸੈਂਟਰ ਵੀ ਮਦਦਗਾਰ ਹੋ ਸਕਦੇ ਹਨ।
2. ਸਿੱਖ ਨੌਜਵਾਨ ਬੱਚੇ ਬੱਚੀਆਂ ਦੇ ਰੋਜ਼ਗਾਰ ਲਈ ਗੁਰਦੁਆਰਾ ਪ੍ਰਬੰਧਕਾਂ ਵਲੋਂ ਇਨਫਰਮੇਸ਼ਨ ਸੈਂਟਰ ਸਥਾਪਤ ਕੀਤੇ ਜਾ ਸਕਦੇ ਹਨ।
3. ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਲਈ ਸਕੂਲ, ਕਾਲਜ, ਯੂਨੀਵਰਸਿਟੀ ਪੱਧਰ ਦੀ ਫੀਸ ਦੇਣ ਲਈ ਗੁਰੂ ਗੋਲਕ ਵਿਚੋਂ ਕੁਝ ਪ੍ਰਤੀਸ਼ਤ 'ਵਿਦਿਆ ਫੰਡ' ਸ਼ੁਰੂ ਕਰਨ ਨਾਲ ਕੁਝ ਲੋੜਵੰਦ ਵਿਦਿਆਰਥੀ/ਮਾਪੇ ਪ੍ਰਭਾਵਤ ਹੋਣਗੇ।
4. ਡਿਸਪੈਂਸਰੀ ਦੀ ਸਹੂਲਤ ਵਿਚ ਵਾਧਾ ਕਰਨਾ ਚਾਹੀਦਾ ਹੈ।
5. ਪਤਿਤ ਸਿੱਖ ਬੱਚਿਆਂ ਲਈ ਪਿਆਰ ਸਤਿਕਾਰ ਦਾ ਵਾਤਾਵਰਨ ਸਿਰਜਨ ਦੀ ਵੀ ਜ਼ਰੂਰਤ ਹੈ।
6. ਸਿੱਖ ਸਭਿਆਚਾਰ ਦੇ ਪ੍ਰਚਾਰ, ਪਾਸਾਰ ਲਈ ਵਾਰਤਾਲਾਪ, ਇਕਾਂਗੀ, ਧਾਰਮਿਕ, ਇਤਿਹਾਸਕ ਨਾਟਕ ਆਦਿ ਵੀ ਗੁਰੂ ਘਰ ਨਾਲ ਜੋੜਨ ਵਿਚ ਸਹਾਈ ਹੋ ਸਕਦੇ ਹਨ।
7. ਸਿੱਖੀ ਜੀਵਨ ਜਾਚ ਦਾ ਸੰਦੇਸ਼ ਦੇਣ ਲਈ ਲੇਖ ਲਿਖਣ ਮੁਕਾਬਲੇ, ਕਾਵਿ ਉਚਾਰਨ ਤੇ ਚਿੱਤਰਕਲਾ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।
8. ਨੌਜਵਾਨ ਵਰਗ ਦੀ ਉਮਰ ਦੇ ਪੱਧਰ ਅਨੁਸਾਰ ਸਮਾਜਿਕ ਅਲਾਮਤਾਂ, ਉਸਾਰੂ ਸੋਚ, ਚੜ੍ਹਦੀ ਕਲਾ, ਜੀਵਨ ਮਰਯਾਦਾ, ਵਰਤਮਾਨ ਸਮੱਸਿਆਵਾਂ ਆਦਿ ਪ੍ਰਤੀ ਜਾਗਰਤ ਕਰਨ

ਵਾਲਾ ਸਾਹਿਤ ਵੀ ਪ੍ਰਦਾਨ ਕਰਨਾ ਚਾਹੀਦਾ ਹੈ।

9. ਮੀਡੀਏ ਵਲੋਂ ਸਮਾਜ ਵਿਚ ਫੈਲੇ ਜਾਂ ਫੈਲਾਏ ਜਾ ਰਹੇ ਵਹਿਮ ਭਰਮ, ਫੋਕਟ ਕਰਮਕਾਂਡ, ਅੰਧਵਿਸ਼ਵਾਸਾਂ ਆਦਿ ਪ੍ਰਤੀ ਵੀ ਗੁਰਮਤਿ ਅਨੁਸਾਰ ਗਿਆਨ ਦੇਣ ਦੀ ਸਦਾ ਲੋੜ ਹੈ। ਇਸ ਨਾਲ ਗੁਰਬਾਣੀ ਦੀ ਸ਼ਕਤੀ ਦਾ ਵੀ ਅਹਿਸਾਸ ਹੋਵੇਗਾ।

10. ਸਮੂਹ ਗੁਰਦੁਆਰਿਆਂ ਵਿਚ ਸਾਲ ਵਿਚ ਘੱਟੋ ਘੱਟ 4 ਗੁਰਮਤਿ ਸਮਾਗਮ ਨੌਜਵਾਨ ਬੱਚੇ ਬੱਚੀਆਂ ਨੂੰ ਸਮਰਪਿਤ ਹੋਣੇ ਚਾਹੀਦੇ ਹਨ, ਜਿਥੇ ਉਹਨਾਂ ਦੀ ਸਮੂਹਕ ਸ਼ਾਮੂਲੀਅਤ ਹੋ ਸਕੇ।

ਪਹਿਲਾ—ਗੁਰਮਤਿ ਸਮਾਗਮ 'ਨਿਊ ਯੀਅਰ' ਹਰ ਨਵੇਂ ਸਾਲ ਦਾ ਸਮਾਗਮ ਨੌਜਵਾਨਾਂ ਨੂੰ ਸਮਰਪਿਤ ਹੋਵੇ। ਦੂਜਾ—ਹੋਲੀ ਵਾਲੇ ਦਿਨ ਗੁਰਮਤਿ ਸਮਾਗਮ ਹੋਵੇ, ਤੀਜਾ—ਬੰਦੀ ਛੋੜ ਦਿਵਸ (ਦੀਵਾਲੀ) ਅਤੇ ਚੌਥਾ—ਚੌਹਾਂ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ, ਇਹ ਯੂਥ ਜਾਗਰਤੀ ਦਿਵਸ ਵਜੋਂ ਮਨਾਉਣਾ ਚਾਹੀਦਾ ਹੈ। ਸਮੂਹ ਪ੍ਰਬੰਧਕ ਤੇ ਮਾਪੇ, ਸੰਗਤਾਂ ਆਦਿ ਪੂਰਾ ਸਹਿਯੋਗ ਦੇਣ, ਪਰ ਇਹ ਚਾਰ ਸਮਾਗਮ ਨੌਜਵਾਨ ਬੱਚੇ ਬੱਚੀਆਂ ਦੇ ਹੋਣ। ਇਸੇ ਤਰ੍ਹਾਂ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਨੌਜਵਾਨ ਲੜਕੀਆਂ ਦੀਆਂ ਵੀ ਹੋਣੀਆਂ ਚਾਹੀਦੀਆਂ ਹਨ। ਇਸੇ ਪ੍ਰਕਾਰ ਹੋਰ ਵੀ ਵਰਤਮਾਨ ਲੋੜਾਂ ਅਨੁਸਾਰ ਪੈਂਤੜੇ ਲਏ ਜਾ ਸਕਦੇ ਹਨ। ਕੰਪਿਊਟਰ ਦੇ ਯੁੱਗ ਵਿਚ ਨਵੀਨ ਸੁਵਿਧਾਵਾਂ ਹੋਰ ਵੀ ਕਾਰਗਰ ਹੋ ਸਕਦੀਆਂ ਹਨ ਪਰ ਮਿਸ਼ਨ ਸਭਨਾਂ ਦਾ ਇਹੋ ਹੀ ਹੋਵੇ :

***ਗੁਰੂ ਦੁਆਰੈ ਹੋਇ ਸੋਝੀ ਪਾਇਸੀ॥***
***ਏਤੁ ਦੁਆਰੈ ਧੋਇ ਹਛਾ ਹੋਇਸੀ॥***

**(ਅੰਗ ੭੩੦)**

☆☆☆

---

# Donations

The Sanstha accept donation, which are exempt u/s 80G of the Income Tax Act 1961 vide certificate No. CIT-II/Tech./80G/2009-10/1171 dt. 22-07-09. Any kind of payment can be made in cash /by cheque or by bank draft (subject to rule) to any of Sanstha's offices. The same can also be deposited directly in any of the Sanstha's Bank Accounts mentioned below under intimation to Head office or Delhi office as mentioned herein by post/telephone or email. Delhi -A/c No. 09181000003264 in Punjab & Sind Bank, IFSC Code PSIB0000918, Tagore Garden, New Delhi.   Amritsar-A/c No. 10121 in Punjab & Sind Bank, Civil Lines, Amritsar Branch Code A0102

# ਸਰਬੱਤ ਖਾਲਸਾ : ਸੰਕਲਪ, ਉਦੇਸ਼, ਬਣਤਰ ਅਤੇ ਕਾਰਜ-ਵਿਧੀ

ਵਿਸ਼ਵ ਦੇ ਛੋਟੇ-ਵੱਡੇ ਸੱਭਿਆਚਾਰਾਂ ਅਤੇ ਕੌਮਾਂ ਵਾਂਗ ਸਿੱਖ ਪੰਥ ਵੀ ਪੰਜਾਬ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਆਪਣੀ ਉਤਪਤੀ ਦੀ ਪ੍ਰਕਿਰਿਆ ਵਿਚੋਂ ਲੰਘ ਰਿਹਾ ਹੈ। ਉਤਪਤੀ ਦਾ ਇਹ ਵਰਤਾਰਾ ਠੀਕ ਦਿਸ਼ਾ ਵੱਲ ਚੱਲਦਾ ਰਹੇ, ਇਸ ਲਈ ਸਿੱਖ ਪੰਥ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਸਿੱਖ ਸੰਸਥਾਵਾਂ ਦੀ ਸ਼ਕਤੀ ਦਾ ਪ੍ਰਤੀਨਿਧ ਸਰੂਪ ਸਿਰਜਣਾ ਅਤੇ ਇਸ ਸਬੰਧੀ ਉਸਾਰੂ ਅਤੇ ਲੋੜੀਂਦੇ ਫੈਸਲੇ ਲੈਣ ਲਈ ਵਿਸ਼ਵ ਪੱਧਰੀ ਮਕੈਨਿਜ਼ਮ ਬਣਾਉਣਾ ਮਹੱਤਵਪੂਰਨ ਬਣ ਗਿਆ ਹੈ। ਸਰਬੱਤ ਖਾਲਸਾ ਪ੍ਰੰਪਰਾ ਅਤੇ ਸੰਸਥਾ ਦੀ ਨਵ-ਸੁਰਜੀਤੀ ਨੂੰ ਸਾਨੂੰ ਇਸ ਦ੍ਰਿਸ਼ਟੀਕੋਣ ਤੋਂ ਵੇਖਣਾ ਪਵੇਗਾ।

## ਸਰਬੱਤ ਖਾਲਸਾ : ਸੰਕਲਪ

'ਸਰਬੱਤ ਖਾਲਸਾ' ਆਪਣੇ ਆਪ ਵਿਚ ਸੰਕਲਪ ਵੀ ਹੈ ਅਤੇ ਸੰਸਥਾ ਵੀ। ਜਦੋਂ ਅਸੀਂ ਇਸਨੂੰ ਸੰਕਲਪ ਦੇ ਅਰਥਾਂ ਵਿਚ ਵਰਤਦੇ ਹਾਂ ਤਾਂ ਇਸਦਾ ਰਹੱਸਵਾਦੀ ਅਰਥ ਇਹ ਹੈ- ਅਕਾਲ ਪੁਰਖ ਦੇ ਰੰਗ ਵਿਚ ਰੰਗੀ ਖਾਲਸਾ ਕਾਮਨਵੈਲਥ ਦੀ ਸਰਵਉੱਚ ਸੰਸਥਾ ਜਾਂ ਖਾਲਸਾ ਪੰਥ ਦੀ ਰਾਜਨੀਤਿਕ ਅਗਵਾਈ ਦਾ ਧੁਰਾ, ਕੇਂਦਰ ਬਿੰਦੂ ਜਾਂ ਖਾਲਸਾ ਪੰਥ ਦੀ ਇਕਮੁੱਠ ਹੋਈ ਸੋਚ ਜਾਂ ਮਰਜ਼ੀ ਜਾਂ ਇੱਛਾ ਦਾ ਖਾਲਸਾ ਪ੍ਰਤੀਕ। ਜਦੋਂ ਅਸੀਂ ਇਸ ਨੂੰ 'ਖਾਲਸਾ ਕਾਮਨਵੈਲਥ' ਕਹਿੰਦੇ ਹਾਂ ਤਾਂ ਇਸ ਦਾ ਮਤਲਬ ਹੈ-ਖਾਲਸਾ ਪੰਥ ਦੇ ਸਾਂਝੇ ਹਿੱਤਾਂ ਦਾ ਮੁਜੱਸਮਾ ਜਾਂ ਸਿੱਖ ਕੌਮ ਦੀ ਸਾਂਝੀ ਸੋਚ ਦੀ ਇਕਾਗਰ ਹੋਈ ਇਕੱਤਰਤਾ ਜਾਂ ਨੁਮਾਇੰਦਾ ਇਕੱਠ ਜਾਂ ਪ੍ਰਤੀਨਿਧ ਪਾਰਲੀਮੈਂਟ।

ਸਰਬੱਤ ਖਾਲਸਾ, ਜਿਵੇਂ ਇਸ ਦੇ ਨਾਂ ਤੋਂ ਸਪੱਸ਼ਟ ਹੈ, ਅਜਿਹੀ ਜਥੇਬੰਦੀ ਅਥਵਾ ਮੰਚ ਹੈ ਜਿਸ ਵਿਚ ਵੱਖ-ਵੱਖ ਜੀਵਨ ਧਾਰਾਵਾਂ ਨਾਲ ਸਬੰਧਿਤ ਸਿੱਖ ਆਗੂ ਆਪਣੇ ਨਿੱਜ ਸੁਆਰਥਾਂ ਤੋਂ ਉੱਪਰ ਉੱਠ ਕੇ ਪੰਥਕ ਸੋਚ ਅਤੇ ਜੁਗਤਿ ਵਿਚ ਫੈਸਲੇ ਲੈਂਦੇ ਹਨ ਅਤੇ ਉਨ੍ਹਾਂ ਫੈਸਲਿਆਂ ਨੂੰ ਲਾਗੂ ਕਰਨ ਲਈ ਆਪਣੀ ਜ਼ਿੰਮੇਵਾਰੀ ਵੀ ਨਿਰਧਾਰਿਤ ਕਰਦੇ ਹਨ। ਅਜਿਹਾ ਕਰਕੇ ਉਹ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦੇ ਗੁਰੂ ਆਦੇਸ਼ਾਂ ਨੂੰ ਵੀ ਆਪਣੇ-ਆਪਣੇ ਸਮੇਂ ਦੇ ਪ੍ਰਸੰਗ ਵਿਚ ਸਾਕਾਰ ਰੂਪ ਦੇ ਰਹੇ ਹੁੰਦੇ ਹਨ। ਇਹ ਵੱਖ-ਵੱਖ "ਸਿੱਖ ਮਿਸਲਾਂ" ਹਰ ਸਮੇਂ ਦੇ ਪ੍ਰਸੰਗ ਵਿਚ ਸੰਗਤੀ ਰੂਪ ਵਿਚ ਮਿਲ ਬੈਠ ਕੇ ਗੁਰੂ ਦੀ ਮੌਜੂਦਗੀ ਦਾ ਅਹਿਸਾਸ ਕਰਦੀਆਂ ਹਨ। ਸਰਬੱਤ ਖਾਲਸਾ ਦੀ ਹਰ ਸਮੇਂ ਅਤੇ ਯੁੱਗ ਵਿਚ ਪ੍ਰਸੰਗਿਕਤਾ ਬਣੀ ਰਹਿਣੀ ਲਾਜ਼ਮੀ ਹੈ। ਵਿਅਕਤੀਗਤ ਪੱਧਰ ਤੇ ਕਿਸੇ ਲੀਡਰਸ਼ਿਪ ਵਿਚ ਦੁਚਿੱਤੀ ਅਤੇ ਦੁਬਿਧਾਵਾਂ ਉਤਪੰਨ ਹੋ ਸਕਦੀਆਂ ਹਨ ਪਰ ਜਦ ਸੰਗਤ ਰੂਪ ਵਿਚ ਜੁੜ ਬੈਠ ਕੇ ਗੁਰਮਤਿ ਦੀ ਰੌਸ਼ਨੀ ਵਿਚ ਵਿਚਾਰਾਂ ਕੀਤੀਆਂ ਜਾਂਦੀਆਂ ਹਨ ਤਾਂ ਹਰ ਸਿੱਖ ਸਾਰੀਆਂ ਦੁਬਿਧਾਵਾਂ ਦੂਰ ਕਰਕੇ ਨਿਰਮਲ ਹਿਰਦੇ ਨਾਲ ਤਰੋਤਾਜ਼ਾ ਹੋ ਕੇ **"ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੈ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥"** ਅਨੁਸਾਰ ਗੁਰੂ ਦੀ ਬਖਸ਼ਿਸ਼ ਦਾ ਪਾਤਰ ਬਣਦਾ ਹੈ।



ਭਾਈ ਹਰਿਸਿਮਰਨ ਸਿੰਘ

## ਨਵ-ਸੁਰਜੀਤ ਸਰਬੱਤ ਖਾਲਸਾ ਦੇ ਉਦੇਸ਼

ਵਿਸ਼ਵ ਪਰਿਪੇਖੀ ਗੁਰਮਤਿ ਵਿਚਾਰਧਾਰਾ ਦਾ ਰੂਪ-ਸਰੂਪ ਅਤੇ ਸੁਭਾਅ ਮਾਨਵਵਾਦੀ ਹੈ। "ਨਾਨਕ

ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਦਾ ਸਿਧਾਂਤ ਮੂਲ ਤੌਰ 'ਤੇ ਆਪਣੇ ਵਿਚ ਦੋ ਵਿਸ਼ਾਲ ਸੰਕਲਪ ਸਮੋਈ ਬੈਠਾ ਹੈ। 'ਨਾਨਕ ਨਾਮ' ਯਾਨੀ ਸਿੱਖ ਵਿਚਾਰਧਾਰਾ ਦੀ ਸ਼ਕਤੀ ਦੀ ਵਿਸ਼ਵ ਪ੍ਰਵਾਨਗੀ ਅਤੇ ਇਸ ਤਰ੍ਹਾਂ ਸਿੱਖ ਪੰਥ ਨੂੰ ਮਿਲਣ ਵਾਲੀ ਸ਼ਕਤੀ ਨਾਲ ਸਰਬੱਤ ਦਾ ਭਲਾ ਜੁੜਿਆ ਹੋਇਆ ਹੈ। ਇਸ ਪ੍ਰਸੰਗ ਵਿਚ ਨਵ-ਸੁਰਜੀਤ ਸਰਬੱਤ ਖਾਲਸਾ ਦੇ ਵਿਸ਼ਵਵਿਆਪੀ ਉਦੇਸ਼ ਹੇਠ ਲਿਖੇ ਅਨੁਸਾਰ ਹਨ:

1. ਮਨੁੱਖਤਾ ਦੀਆਂ ਨਵੀਆਂ ਉਪਜੀਆਂ ਲੋੜਾਂ ਅਨੁਸਾਰ ਸਿੱਖ ਧਰਮ, ਸਿੱਖ ਫਿਲਾਸਫੀ, ਅਕਾਲ ਤਖ਼ਤ ਸਾਹਿਬ, ਸਿੱਖ ਪਾਲਿਟੀ ਅਤੇ ਆਰਥਿਕਤਾ ਸਮੇਤ ਸਮੂਹ ਸਿੱਖ ਸੰਸਥਾਵਾਂ ਦੀ ਭਵਿੱਖਮੁਖੀ ਦਿਸ਼ਾ ਅਤੇ ਨੀਤੀਆਂ ਤਿਆਰ ਕਰਨੀਆਂ;

2. ਸਿੱਖ ਧਰਮ, ਸਿੱਖ ਫਿਲਾਸਫੀ ਅਤੇ ਸਿੱਖ ਪੰਥ ਦੀ ਸਥਾਪਨਾ ਅਤੇ ਹੋਂਦ ਦੇ ਮੁੱਢਲੇ ਰੂਹਾਨੀ, ਸਿਧਾਂਤਿਕ ਅਤੇ ਸੰਸਥਾਤਮਕ ਆਧਾਰਾਂ ਅਨੁਸਾਰ ਆਦਰਸ਼ਕ ਸਮਾਜ ਵਿਵਸਥਾ ਦੀ ਸਿਰਜਣਾ ਲਈ ਯਤਨਸ਼ੀਲ ਹੋਣਾ;

3. ਸਿੱਖ ਸੱਭਿਅਤਾ ਅਤੇ ਸਭਿਆਚਾਰ ਨੂੰ ਭਾਰਤੀ ਅਤੇ ਵਿਸ਼ਵ ਦੇ ਹੋਰ ਸੱਭਿਆਚਾਰਾਂ ਦੇ ਪਰਿਵਾਰ ਵਿਚ ਯੋਗ ਸਥਾਨ ਦਿਵਾਉਣ ਲਈ ਮੁਆਫਿਕ ਵਾਤਾਵਰਣ ਤਿਆਰ ਕਰਨਾ;

4. ਭਵਿੱਖ ਦੇ ਸਿੱਖ ਇਤਿਹਾਸ ਦੀ ਯੋਜਨਾਬੱਧ ਸਿਰਜਣਾ ਲਈ ਸਿੱਖ ਆਗੂਆਂ, ਵਿਦਵਾਨਾਂ ਅਤੇ ਆਮ ਸਿੱਖ ਮਾਨਸਿਕਤਾ ਨੂੰ ਤਿਆਰ ਕਰਨਾ;

5. ਮਨੁੱਖੀ ਸੱਭਿਅਤਾ ਦੀ ਸੁਰੱਖਿਆ, ਮਾਨਵ ਵਿਕਾਸ, ਖੁਸ਼ਹਾਲੀ, ਬਰਾਬਰੀ, ਆਜ਼ਾਦੀ, ਸੱਚ, ਨਿਆਂ ਅਤੇ ਵਿਸ਼ਵ ਸੱਭਿਆਚਾਰਾਂ ਦੀ ਆਪਸੀ ਬਹੁਲਵਾਦੀ ਇਕਸੁਰਤਾ ਲਈ ਸਿੱਖ ਵਿਚਾਰਧਾਰਾ ਅਤੇ ਖਾਲਸਾਈ ਪ੍ਰੰਪਰਾਵਾਂ ਦੀ ਰੌਸ਼ਨੀ ਵਿਚ ਸਿੱਖ ਪੰਥ ਦੀ ਵਿਸ਼ਵਵਿਆਪੀ ਭੂਮਿਕਾ ਅਤੇ ਯੋਗਦਾਨ ਨੂੰ ਯਕੀਨੀ ਬਣਾਉਣਾ;

6. ਪੰਜਾਬ, ਭਾਰਤ, ਏਸ਼ੀਆ ਅਤੇ ਵਿਸ਼ਵ ਦੇ ਇਤਿਹਾਸ ਨੂੰ ਇਕ ਵਿਸ਼ੇਸ਼ ਦਿਸ਼ਾ ਦੇਣ ਲਈ ਸਿੱਖਾਂ ਦੀ ਇਤਿਹਾਸ ਸਿਰਜਣ ਦੀ ਸ਼ਕਤੀ ਨੂੰ ਯਕੀਨੀ ਬਣਾਈ ਰੱਖਣਾ।

## ਸਰਬੱਤ ਖਾਲਸਾ ਦੀ ਬਣਤਰ

ਸਰਬੱਤ ਖਾਲਸਾ ਦੀ ਨਵ-ਬਣਤਰ ਲਈ ਕੁਝ ਬੁਨਿਆਦੀ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਲੱਭਣੇ ਜ਼ਰੂਰੀ ਹਨ। ਸਰਬੱਤ ਖਾਲਸਾ ਦੀ ਬਣਤਰ ਨਵੇਂ ਰੂਪ ਵਿਚ ਕਿਹੋ ਜਿਹੀ ਹੋਵੇ? ਇਸ ਵਿਚ ਵਿਕਸਿਤ ਹੋਈਆਂ ਤੇ ਵਿਕਾਸ ਅਧੀਨ ਸੰਸਥਾਵਾਂ ਨੂੰ ਕਿਸ ਢੰਗ ਨਾਲ ਕਿਤਨੀ ਪ੍ਰਤੀਨਿਧਤਾ ਮਿਲੇ? ਸਿੱਖ ਪੰਥ ਦੀ ਸਮੁੱਚੀ ਮਰਜ਼ੀ ਦੇ ਪ੍ਰਗਟਾਵੇ ਲਈ ਇਸ ਦੀਆਂ ਸ਼ਕਤੀਆਂ ਦਾ ਵਿਸ਼ਵ ਪਰਿਪੇਖ ਕਿਵੇਂ ਸਿਰਜਿਆ ਜਾਏ? ਸਿੱਖ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਵਿਚ ਤਾਲਮੇਲ, ਨੀਤੀ ਨਿਰਧਾਰਨ, ਦਿਸ਼ਾ ਨਿਰਦੇਸ਼, ਸ਼ਕਤੀਆਂ ਦੀ ਵੰਡ ਅਤੇ ਵਰਤੋਂ, ਗੁਰਮਤੇ ਸੋਧਣ ਦੀ ਜੁਗਤਿ ਅਤੇ ਲਏ ਗਏ ਫੈਸਲਿਆਂ ਨੂੰ ਅਮਲੀ ਰੂਪ ਕਿਵੇਂ ਦਿੱਤਾ ਜਾਵੇ?

ਇਸ ਪ੍ਰਤੀਨਿਧ ਹਾਊਸ ਵਿਚ ਸਿੱਖ ਸੰਸਥਾਵਾਂ ਦੇ ਪ੍ਰਤੀਨਿਧਾਂ ਸਮੇਤ ਪੰਜਾਬ ਤੋਂ ਵਿਸ਼ਵ ਭਰ ਵਿਚ ਫੈਲੀਆਂ ਪ੍ਰਤੀਨਿਧ ਗੁਰਦੁਆਰਾ ਕਮੇਟੀਆਂ, ਗੈਰ-ਸਰਕਾਰੀ ਧਾਰਮਿਕ ਸਮਾਜਿਕ ਸੰਗਠਨ, ਸਿੱਖ ਰਾਜਨੀਤਿਕ ਧਿਰਾਂ ਅਤੇ ਸਮਾਜਿਕ ਜੀਵਨ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰ ਚੁੱਕੇ ਅਤੇ ਇਕ ਵਿਧੀ ਦੁਆਰਾ ਨਾਮਜ਼ਦ ਜਾਂ ਚੁਣ ਕੇ ਆਏ ਪ੍ਰਤੀਨਿਧ ਨੀਯਤ ਸਮੇਂ ਤੱਕ ਜੁੜ ਬੈਠ ਕੇ ਇਹ ਪੰਥਕ ਸੇਵਾ ਨਿਭਾਉਣਗੇ। ਇਹ ਮੈਂਬਰ ਇਨ੍ਹਾਂ ਸੰਸਥਾਵਾਂ ਵਿਚੋਂ ਲਏ ਜਾਣੇ ਚਾਹੀਦੇ ਹਨ। ਸਿੱਖ ਧਰਮ ਪ੍ਰਚਾਰ ਸੰਸਥਾ ਸਿੱਖ ਧਰਮ ਸੰਸਥਾ (ਪ੍ਰਬੰਧ), ਸਿੱਖ ਵਿਦਿਆ, ਸਿੱਖ ਬੌਧਿਕਤਾ, ਗੁਰਦੁਆਰਾ ਪ੍ਰਬੰਧ, ਸਿੱਖ ਆਰਥਿਕਤਾ, ਸਿੱਖ ਰਾਜਨੀਤੀ/ਸਿੱਖ ਸੱਤਾ, ਸਿੱਖ ਮੀਡੀਆ, ਸਿੱਖ ਖੇਡਾਂ, ਸਿੱਖ ਮਨੁੱਖੀ ਵਿਕਾਸ ਸਰੋਤ ਸੰਸਥਾ (ਉੱਚੇਰੀ ਸਿੱਖ ਵਿਦਿਆ), ਵਾਤਾਵਰਣ ਸੰਭਾਲ,

ਸਿੱਖ ਕਿਰਤੀ, ਸਿੱਖ ਸ਼੍ਰੇਸ਼ਠਤਾ, ਸਿੱਖ ਸਿਹਤ ਸੇਵਾਵਾਂ, ਗਿਆਨ-ਵਿਗਿਆਨ ਤਕਨਾਲੋਜੀ, ਸਿੱਖ ਨੌਜਵਾਨ/ਵਿਦਿਆਰਥੀ, ਸਿੱਖ ਸਭਿਆਚਾਰ, ਸਮਾਜ ਸੇਵਾਵਾਂ, ਸਿੱਖ ਮਨੁੱਖੀ ਅਧਿਕਾਰ, ਅੰਤਰਰਾਸ਼ਟਰੀ ਮਾਮਲੇ, ਸਿੱਖ ਭੂਗੋਲਿਕ ਵਿਸਥਾਰ, ਸਿੱਖ ਕੂਟਨੀਤੀ, ਪੰਜਾਬੀ ਬੋਲੀ, ਸਿੱਖ ਇਸਤਰੀ, ਸਿੱਖ ਵਪਾਰ, ਖੇਤੀਬਾੜੀ, ਉਦਯੋਗ, ਸਿੱਖ ਵਿਰਾਸਤ, ਸਿੱਖ ਕਲਾ, ਨਵੇਂ ਗਲੋਬਲ ਰੁਝਾਨ, ਸਿੱਖ ਪ੍ਰਬੰਧ ਕਲਾ, ਸਿੱਖ ਨੀਤੀਵਾਨ/ਸ਼ਾਸਨ ਕਲਾ, ਵਿਸ਼ੇਸ਼ ਸੱਦਾ ਮੈਂਬਰ ਅਤੇ ਰਾਜਨੀਤਿਕ, ਧਾਰਮਿਕ, ਸਮਾਜਿਕ ਜਥੇਬੰਦੀਆਂ।

ਸਰਬੱਤ ਖਾਲਸਾ ਦੇ ਮੁਖੀ ਅਤੇ ਪੰਚਾਇਣ ਸਮੇਤ ਇਸਦੇ ਕੁਲ 260 ਮੈਂਬਰ ਹੋਣਗੇ ਇਸਦੇ ਮੈਂਬਰ ਸਿੱਖੀ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਕੰਮ ਕਰ ਰਹੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਵਿਚ ਸਰਗਰਮ ਇਕ ਵਿਸ਼ੇਸ਼ ਪੱਧਰ ਦੀਆਂ ਪ੍ਰਾਪਤੀਆਂ ਕਰ ਚੁੱਕੇ ਸਿੱਖ ਹੋਣਗੇ। ਸਰਬੱਤ ਖਾਲਸਾ ਦਾ ਇਕ ਮੁਖੀ ਹੋਵੇਗਾ। ਸਰਬੱਤ ਖਾਲਸਾ ਦੀ ਸ਼ਕਤੀਆਂ ਸੰਪੰਨ ਇਕ ਪੰਜ ਮੈਂਬਰੀ ਪੰਚਾਇਣ ਹੋਵੇਗੀ। ਸਰਬੱਤ ਖਾਲਸਾ ਦਾ ਇਕ ਸਕੱਤਰ-ਜਨਰਲ ਅਥਵਾ ਸਪੀਕਰ ਹੋਵੇਗਾ। ਸਰਬੱਤ ਖਾਲਸਾ ਦੀ ਇਕ ਪ੍ਰਤੀਨਿਧ ਕੌਂਸਲ ਹੋਵੇਗੀ ਜਿਸ ਵਿਚ ਉਪਰੋਕਤ ਸੰਸਥਾਵਾਂ ਅਤੇ ਜਥੇਬੰਦੀਆਂ ਵਿਚੋਂ ਲਏ ਗਏ ਮੈਂਬਰਾਂ ਨੂੰ ਲਿਆ ਜਾਵੇਗਾ। ਸਰਬੱਤ ਖਾਲਸਾ ਦਾ ਭੂਗੋਲਿਕ ਹਲਕਾ ਸਮੁੱਚੇ ਵਿਸ਼ਵ ਵਿਚ ਫੈਲੇ ਸਿੱਖਾਂ ਆਧਾਰਿਤ ਹੋਵੇਗਾ ਜਿਸਨੂੰ ਇਸ ਸਬੰਧੀ ਨਿਯੁਕਤ ਕੀਤਾ ਗਿਆ ਖੋਜ ਪੈਨਲ ਬਣਾਏ ਗਏ ਮਾਪਦੰਡਾਂ ਅਨੁਸਾਰ ਪੰਥ ਵਿਚੋਂ ਖੋਜ ਕਰਕੇ ਅਤੇ ਸੰਗਤਾਂ ਦੀ ਸਰਬ-ਸਹਿਮਤੀ ਨੂੰ ਵੀ ਨਾਲ ਲੈ ਕੇ ਸਰਬੱਤ ਖਾਲਸਾ ਕੋਲ ਸਿਫ਼ਾਰਿਸ਼ ਕਰੇਗਾ। ਸਰਬੱਤ ਖਾਲਸਾ ਦੀ ਪੰਚਾਇਣ ਅਤੇ ਮੁਖੀ ਉਨ੍ਹਾਂ ਨਾਵਾਂ ਬਾਰੇ ਵਿਚਾਰ ਕਰਕੇ ਪ੍ਰਵਾਨਗੀ ਦੇਣਗੇ। ਇਨ੍ਹਾਂ ਨਾਵਾਂ ਨੂੰ ਅਪ੍ਰਵਾਨ ਵੀ ਕੀਤਾ ਜਾ ਸਕਦਾ ਹੈ ਤੇ ਨਵੇਂ ਮੈਂਬਰਾਂ ਦੀ ਖੋਜ ਕਰਨ ਲਈ ਪੈਨਲ ਨੂੰ ਦੁਬਾਰਾ ਵੀ ਕਿਹਾ ਜਾ ਸਕਦਾ ਹੈ।

## ਸਰਬੱਤ ਖਾਲਸਾ ਦੀ ਕਾਰਜ-ਵਿਧੀ

ਸਰਬੱਤ ਖਾਲਸਾ ਵਿਚ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਅਕਾਲ ਤਖ਼ਤ ਜਥੇਬੰਦੀ ਦੀ ਪ੍ਰਤੀਨਿਧਤਾ ਕਰਨਗੇ। ਉਹ ਸਰਬੱਤ ਖਾਲਸਾ ਦੇ ਵਿਚਾਰ ਅਧੀਨ ਆਉਣ ਵਾਲੇ ਮੁੱਦਿਆਂ ਆਦਿ ਨੂੰ ਇਸ ਦੇ ਏਜੰਡੇ ਰੂਪ ਵਿਚ ਰੱਖਣਗੇ ਜੋ ਸਰਬੱਤ ਖਾਲਸਾ ਦੀ ਪੰਚਾਇਣ ਅਤੇ ਮੁਖੀ ਦੇ ਸਹਿਯੋਗ ਨਾਲ ਤਿਆਰ ਕੀਤਾ ਜਾਵੇਗਾ। ਉਹ ਸਰਬੱਤ ਖਾਲਸਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਵਿਖਿਆਨ ਵਿਚ ਸਮੁੱਚੀ ਸਿੱਖ ਸਥਿਤੀ ਦਾ ਇਤਿਹਾਸਕ ਤੇ ਵਿਚਾਰਧਾਰਕ ਪ੍ਰਸੰਗ ਵਿਚ ਹਰ ਸਮੇਂ ਦੀ "ਸਿੱਖ ਮਰਜ਼ੀ" ਦਾ ਪ੍ਰਗਟਾਵਾ ਕਰਦੇ ਹੋਏ ਉੱਜਵਲ ਸਿੱਖ ਭਵਿੱਖ ਦੀ ਸਿਰਜਣਾ ਲਈ ਕੀਤੇ ਜਾਣ ਵਾਲੇ ਯਤਨਾਂ ਅਥਵਾ ਖਾਲਸਾ ਪੰਥ ਦੀਆਂ ਨੀਤੀਆਂ, ਸਮੱਸਿਆਵਾਂ ਤੇ ਚੁਣੌਤੀਆਂ ਆਦਿ ਦਾ ਵਿਸ਼ਾਲ ਪਰਿਪੇਖ ਬਿਆਨ ਕਰਨਗੇ। ਸਿੰਘ ਸਾਹਿਬ ਵੱਲੋਂ ਪੇਸ਼ ਮੁੱਦਿਆਂ ਤੇ ਸਮੱਸਿਆਵਾਂ ਆਦਿ ਸਰਬੱਤ ਖਾਲਸਾ ਦੇ ਵਿਚਾਰ ਲਈ ਖੁਲ੍ਹੇ ਹੋਣਗੇ ਜਿਨ੍ਹਾਂ ਬਾਰੇ ਨੀਯਤ ਸਮੇਂ ਤੇ ਮਰਿਯਾਦਾ ਵਿਚ ਬਹਿਸ ਹੋਵੇਗੀ। ਸਰਬੱਤ ਖਾਲਸਾ ਦੇ ਪੰਜ ਪਿਆਰੇ ਸਰਬੱਤ ਖਾਲਸਾ ਵਿਚੋਂ ਹੀ ਇਕ ਨੀਯਤ ਸਮੇਂ ਤੱਕ ਚੁਣੇ ਜਾਣਗੇ। ਇਹ ਪੰਜ ਪਿਆਰੇ ਸਰਬੱਤ ਖਾਲਸਾ ਵਿਚ ਵੱਖ-ਵੱਖ ਵਿਸ਼ਿਆਂ ਬਾਰੇ ਚੱਲ ਰਹੀ ਵਿਚਾਰ ਚਰਚਾ ਵਿਚ ਹਿੱਸਾ ਵੀ ਲੈ ਸਕਣਗੇ।

ਸਰਬੱਤ ਖਾਲਸਾ ਦੀਆਂ ਸੈਸ਼ਨ ਰੂਪ ਵਿਚ ਸਾਲ ਵਿਚ ਘੱਟੋ-ਘੱਟ ਤਿੰਨ ਵਾਰ ਜਨਰਲ ਇਜਲਾਸ ਦੇ ਰੂਪ ਵਿਚ ਬੈਠਕਾਂ ਹੋਣਗੀਆਂ। ਇਹ ਸੈਸ਼ਨ ਇਸ ਸਬੰਧੀ ਬਣਾਏ ਗਏ ਨਿਯਮਾਂ ਅਨੁਸਾਰ ਨਿਰਧਾਰਿਤ ਦਿਨਾਂ ਤੱਕ ਚੱਲਣਗੇ ਅਤੇ ਲੋੜ ਪੈਣ ਉੱਤੇ ਪੰਚਾਇਣ, ਮੁਖੀ ਅਤੇ ਹਾਊਸ ਦੀ ਸਹਿਮਤੀ ਨਾਲ ਇਹ ਮਿਆਦ ਵਧਾਈ ਵੀ ਜਾ ਸਕਦੀ ਹੈ। ਇਹ ਸੈਸ਼ਨ ਸਾਲ ਵਿਚ ਤਿੰਨ ਵਾਰ ਤੋਂ ਵਧੇਰੇ ਵਾਰ ਵੀ ਕੁਝ ਵਿਸ਼ੇਸ਼ ਹਾਲਤਾਂ ਵਿਚ ਬੁਲਾਏ ਜਾ ਸਕਦੇ ਹਨ। ਪ੍ਰਤੀਨਿਧ ਕੌਂਸਲ ਦੀ ਇਕੱਤਰਤਾ ਮਹੀਨੇ ਵਿਚ ਨਿਰਧਾਰਿਤ ਦਿਨਾਂ ਤੱਕ ਇਕ ਵਾਰ ਜ਼ਰੂਰ

ਹੋਵੇਗੀ। ਸਰਬੱਤ ਖਾਲਸਾ ਦੇ ਮੈਂਬਰਾਂ ਨੂੰ ਪੇਸ਼ ਏਜੰਡੇ ਬਾਰੇ ਵਿਚਾਰ-ਚਰਚਾ ਕਰਨ ਲਈ ਸਕੱਤਰ ਜਨਰਲ ਜਿਤਨਾ ਸਮਾਂ ਅਲਾਟ ਕਰੇਗਾ, ਸਬੰਧਿਤ ਮੈਂਬਰ ਉਸੇ ਅਨੁਸਾਰ ਆਪਣੇ ਵਿਚਾਰ ਪੇਸ਼ ਕਰਨਗੇ। ਸਰਬੱਤ ਖਾਲਸਾ ਦੇ ਹਰ ਸੈਸ਼ਨ ਦੀ ਕਾਰਵਾਈ ਅਤੇ ਪੇਸ਼ ਕੀਤੇ ਗਏ ਵਿਚਾਰਾਂ ਆਦਿ ਦਾ ਪੂਰਾ ਰਿਕਾਰਡ ਰੱਖਿਆ ਜਾਵੇਗਾ। ਮੈਂਬਰਾਂ ਵੱਲੋਂ ਆਏ ਹੋਏ ਵਿਚਾਰਾਂ ਉੱਤੇ ਨਾਲ ਹੀ ਵਿਚਾਰ-ਚਰਚਾ ਕੀਤੀ ਜਾਵੇਗੀ। ਉਨ੍ਹਾਂ ਵੱਲੋਂ ਆਈਆਂ ਸੋਧਾਂ ਨੂੰ ਸਰਬੱਤ ਖਾਲਸਾ ਦੇ ਮੁੱਖ ਮਤੇ ਵਿਚ ਸ਼ਾਮਲ ਕੀਤਾ ਜਾਵੇਗਾ, ਜੋ ਸਰਬੱਤ ਖਾਲਸਾ ਅਤੇ ਪੰਥ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਨੀਤੀ ਦਸਤਾਵੇਜ਼ ਹੋਵੇਗਾ। ਸਰਬੱਤ ਖਾਲਸਾ ਦੀ ਕਾਰਜ-ਵਿਧੀ ਨੂੰ ਇਸ ਵੱਲੋਂ ਬਣਾਈਆਂ ਜਾਣ ਵਾਲੀਆਂ ਕਮੇਟੀਆਂ ਸਫਲਤਾ ਨਾਲ ਚਲਾਉਣਗੀਆਂ।

ਸਰਬੱਤ ਖਾਲਸਾ ਦੀਆਂ ਸ਼ਕਤੀਆਂ ਅਤੇ ਅਧਿਕਾਰ, ਇਸਦੇ ਸੰਦਰਭ ਵਿਚ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਜਥੇਬੰਦੀ ਦੀ ਭੂਮਿਕਾ, ਪੰਜ ਪਿਆਰਿਆਂ ਦਾ ਸਥਾਨ, ਕਾਨੂੰਨ ਦੁਆਰਾ ਸਥਾਪਿਤ ਪ੍ਰਤੀਨਿਧ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਰਬੱਤ ਖਾਲਸਾ ਅਤੇ ਭਾਰਤੀ ਰਾਜ, ਸਮਾਜਿਕ ਨਿਆਂ, ਸਿੱਖ ਸੰਸਥਾਵਾਂ ਦੀ ਸੰਰਚਨਾ, ਸਿੱਖ ਰਾਜਨੀਤੀ ਅਤੇ ਸੱਤਾਧਾਰੀ ਧਿਰਾਂ, ਜਥੇਦਾਰ ਸਾਹਿਬਾਨ ਦੀ ਨਿਯੁਕਤੀ, ਸਿੱਖ ਬੀਬੀਆਂ ਅਤੇ ਦਲਿਤ ਭਾਈਚਾਰੇ ਦੀ ਨੁਮਾਇੰਦਗੀ, ਵਿਸ਼ਵ ਮਾਨਵ ਸਰੋਕਾਰ, ਸਰਬੱਤ ਖਾਲਸਾ ਅਤੇ ਗੁਰਮਤਾ ਅਤੇ ਸਮੁੱਚੀ ਮਰਿਆਦਾ ਆਦਿ ਕੁਝ ਅਜਿਹੇ ਵਿਸ਼ੇ ਹਨ, ਜੋ ਸਰਬੱਤ ਖਾਲਸਾ ਦੇ ਸੰਕਲਪ ਅਤੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਵਿਚਾਰੇ ਜਾਣੇ ਜ਼ਰੂਰੀ ਹੋਣਗੇ।

ਸਰਬੱਤ ਖਾਲਸਾ ਦੀ ਸਿੱਖ ਪੰਥ ਅਤੇ ਮਾਨਵ ਜਾਤੀ ਦੀ ਤਕਦੀਰ ਘੜ੍ਹਨ ਅਤੇ ਵਿਸ਼ਵ ਅਗਵਾਈ ਪ੍ਰਥਾਇ ਭੂਮਿਕਾ ਨਿਸ਼ਚਿਤ ਹੋਣੀ ਜ਼ਰੂਰੀ ਹੈ। ਪਰ ਜਿਸ ਤਰ੍ਹਾਂ ਇਸ ਸੰਸਥਾ ਦਾ ਕੁਝ ਰਾਜਸੀ ਪਾਰਟੀਆਂ ਅਤੇ ਧੜ੍ਹੇ ਆਪਣੇ ਸੀਮਿਤ ਅਤੇ ਪਾਰਟੀ ਹਿੱਤਾਂ ਲਈ ਸ਼ੋਸ਼ਣ ਕਰ ਰਹੇ ਹਨ, ਇਸ ਨਾਲ ਇਸ ਮਹਾਨ ਸੰਸਥਾ ਦੀ ਮਹਾਨਤਾ ਕਮਜ਼ੋਰ ਪੈਣ ਦਾ ਡਰ ਬਣ ਗਿਆ ਹੈ। ਕਿਸੇ ਸੁਭਾਗੇ ਦਿਨ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਜਥੇਬੰਦੀ ਦੇ ਦੂਰ-ਦ੍ਰਿਸ਼ਟ ਅਤੇ ਪ੍ਰਤਿਭਾਵਾਨ ਜਥੇਦਾਰ ਸਾਹਿਬਾਨ ਜਾਂ ਪੰਥ ਦੇ ਕੁਝ ਪ੍ਰਤਿਭਾਵਾਨ ਅਤੇ ਪ੍ਰਵਾਨਿਤ ਨੁਮਾਇੰਦੇ ਕੀ ਇਸ ਸੰਸਥਾ ਦੀ ਨਵ-ਸੁਰਜੀਤੀ ਲਈ ਕੋਈ ਵੱਡੀ ਪਹਿਲ-ਕਦਮੀ ਕਰਨਗੇ, ਸਿੱਖ ਪੰਥ ਦੇ ਸਨਮੁੱਖ ਇਹ ਇਕ ਕਸ਼ਟਦਾਇਕ ਪ੍ਰਸ਼ਨ ਹੈ। ਸੁਝਾਅ ਰੂਪ ਵਿਚ ਇਹ ਵਿਚਾਰ ਮੈਂ ਸਿੱਖ ਪੰਥ ਦੇ ਸਨਮੁੱਖ ਰੱਖ ਰਿਹਾ ਹਾਂ, ਜਿਸ ਬਾਰੇ ਗੰਭੀਰ ਸੰਵਾਦ ਚਲਾਉਣਾ ਸਮੇਂ ਦੀ ਲੋੜ ਹੈ।


ਭਾਈ ਹਰਿਸਿਮਰਨ ਸਿੰਘ,

ਡਾਇਰੈਕਟਰ,

ਭਾਈ ਗੁਰਦਾਸ ਇੰਸਟੀਚਿਊਟ ਆਫ਼

ਐਡਵਾਂਸ ਸਿੱਖ ਸਟੱਡੀਜ਼,

ਅਨੰਦਪੁਰ ਸਾਹਿਬ।

ਮੋ. 9872591713


☆☆☆

# ਸਿੱਖ ਧਰਮ ਦੇ ਪ੍ਰਚਾਰ ਲਈ ਪ੍ਰਬੰਧਕੀ ਢਾਂਚਾ ਕਿਸ ਤਰ੍ਹਾਂ ਦਾ ਹੋਵੇ

ਸ੍ਰ: ਸੁਰਿੰਦਰਜੀਤ ਸਿੰਘ ਪਾਲ

ਸਿੱਖ ਧਰਮ ਦੇ ਪ੍ਰਚਾਰ ਦੀ ਅੱਜ ਜੋ ਮੰਦੀ ਦਸ਼ਾ ਹੈ ਉਹ ਕਿਸੇ ਤੋਂ ਵੀ ਛੁਪੀ ਹੋਈ ਨਹੀਂ। ਪਤਿਤਪੁਣਾ ਤੇ ਨਸ਼ੇ ਜਿਥੇ ਪੰਜਾਬ ਦੀਆਂ ਵੱਡੀਆਂ ਸਮਸਿਆਵਾਂ ਬਣ ਗਏ ਹਨ, ਉਥੇ ਸਿੱਖ ਧਰਮ ਦੇ ਪ੍ਰਚਾਰ ਲਈ ਭੀ ਇਕ ਵੱਡੀ ਵੰਗਾਰ ਹਨ। ਜਿਥੇ ਸਿੱਖ ਧਰਮ ਦੀਆਂ ਸਰਵੋਤਮ ਸੰਸਥਾਵਾਂ ਕੋਲ ਧਰਮ ਪ੍ਰਚਾਰ ਦਾ ਕੋਈ ਲਾਹੇਵੰਦ ਪ੍ਰੋਗਰਾਮ ਨਹੀਂ ਹੈ, ਉਥੇ ਹੀ ਸਿੱਖ ਧਰਮ ਸੰਬੰਧੀ ਸਕੂਲਾਂ ਵਿੱਚ ਸਿਖਿਆ ਦਾ ਮਿਆਰ ਬਹੁਤ ਥੱਲੇ ਆ ਗਿਆ ਹੈ। ਸਾਡੇ ਤਖਤਾਂ ਦੇ ਜੱਥੇਦਾਰਾਂ ਵਿੱਚ ਵਿਚਾਰਾਂ ਦੀ ਕੋਈ ਸਾਂਝ ਨਹੀਂ ਤੇ ਮਰਿਆਦਾ ਵਿੱਚ ਵੀ ਵੱਖਰੇਵਾਂ ਦੇਖਣ ਨੂੰ ਮਿਲਦਾ ਹੈ। ਸਿੱਖਾਂ ਦੀ ਜਨਸੰਖਿਆ ਬਾਰੇ ਜਾਣਕਾਰੀ, ਸਾਡੇ ਰਾਗੀਆਂ, ਕਥਾਕਾਰਾਂ ਤੇ ਹੋਰ ਪ੍ਰਚਾਰਕਾਂ ਬਾਰੇ ਜਾਣਕਾਰੀ, ਆਮ ਸਿੱਖਾਂ ਦੀਆਂ ਸਮਾਜਿਕ ਤੇ ਆਰਥਿਕ ਸਮਸਿਆਵਾਂ ਦੀ ਜਾਣਕਾਰੀ ਤੇ ਐਸੇ ਲੋਕਾਂ ਬਾਰੇ ਜਾਣਕਾਰੀ ਜੋ ਸਿੱਖ ਧਰਮ ਤੋਂ ਟੁੱਟਦੇ ਜਾ ਰਹੇ ਹਨ, ਜਿਵੇਂ ਕਿ ਸਿੰਧੀ, ਸਿਕਲੀਗਰ, ਸਤਨਾਮੀਏ ਆਦਿਕ, ਨਾ ਕਿਸੇ ਕੋਲ ਹੈ ਤੇ ਨਾ ਕੋਈ ਐਸਾ ਢੰਗ ਹੈ ਜਿਸ ਨਾਲ ਇਹ ਇਕੱਠੀ ਕੀਤੀ ਜਾ ਸਕੇ।

ਜਦੋਂ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਨਾਉਣ ਦੀ ਗੱਲ ਤੁਰੀ ਸੀ ਤਾਂ ਉਸਦਾ ਭਾਵ ਵੀ ਇਹ ਹੀ ਸੀ ਕਿ ਪ੍ਰਸ਼ਾਸਨਿਕ ਢਾਂਚਾ ਇਸ ਤਰ੍ਹਾਂ ਦਾ ਬਣਾਇਆ ਜਾਵੇ ਕਿ ਸਾਰੇ ਦੇਸ਼ ਦੇ ਸਿੱਖ ਇਸਦਾ ਹਿੱਸਾ ਬਣ ਸਕਣ। ਜਿਨ੍ਹਾਂ ਵਿਦਵਾਨਾਂ ਨੇ ਮੇਹਨਤ ਕਰਕੇ ਉਸ ਐਕਟ ਨੂੰ ਤਿਆਰ ਕੀਤਾ ਸੀ, ਉਹਨਾਂ ਦਾ ਉੱਦਮ ਬਹੁਤ ਸ਼ਲਾਘਾ ਯੋਗ ਸੀ ਤੇ ਜ਼ਰੂਰਤ ਸੀ ਕਿ ਉਸਨੂੰ ਅਮਲੀ ਰੂਪ ਦੇ ਕੇ ਮੌਜੂਦਾ ਪ੍ਰਸ਼ਾਸਨਿਕ ਢਾਂਚੇ ਵਿੱਚ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਜਾਣ। ਪਰ ਸ਼ਾਇਦ ਉਹਨਾਂ ਲੋਕਾਂ ਨੂੰ ਇਹ ਪਸੰਦ ਨਹੀਂ ਸੀ ਜੋ ਧਰਮ ਪ੍ਰਚਾਰ ਤੋਂ ਜ਼ਿਆਦਾ ਆਪਣੇ ਨਿੱਜੀ ਸੁਆਰਥ ਨੂੰ ਮਹੱਤਤਾ ਦਿੰਦੇ ਹਨ। ਬਾਅਦ ਵਿੱਚ ਵੀ ਕਈ ਹੋਰ ਵਿਦਵਾਨਾਂ ਨੇ ਕਈ ਤਰ੍ਹਾਂ ਦੇ ਸੁਝਾਅ ਦਿੱਤੇ ਜੋ ਲਾਹੇਵੰਦ ਸਾਬਤ ਹੋ ਸਕਦੇ ਸਨ। ਇੰਸਟੀਚਿਊਟ ਆਫ ਸਿੱਖ ਸਟੱਡੀਜ਼ ਵੱਲੋਂ ਵੀ ਕਈ ਚੰਗੇ ਸੁਝਾਵ ਇਸ ਪੱਖੋਂ ਦਿੱਤੇ ਗਏ ਜਿਨ੍ਹਾਂ ਨੂੰ ਅਪਨਾ ਕੇ ਸਿੱਖਾਂ ਦੀ ਇਕ ਵਰਲਡ ਬੌਡੀ ਬਣਾਈ ਜਾ ਸਕਦੀ ਸੀ, ਪਰ ਅਫਸੋਸ ਹਾਲੇ ਵੀ ਐਸਾ ਕੁਝ ਨਹੀਂ ਕੀਤਾ ਗਿਆ ਜੋ ਸਿੱਖ ਕੌਮ ਨੂੰ ਸਹੀ ਦਿਸ਼ਾ ਵਿੱਚ ਅੱਗੇ ਲਿਜਾਂਦੇ ਹੋਏ ਗੁਰੂਆਂ ਦੇ ਉੱਚ ਆਦਰਸ਼ਾਂ ਦਾ ਪ੍ਰਚਾਰ ਵਧਾ ਸਕੇ।

## ਧਰਮ ਪ੍ਰਚਾਰ ਦੀ ਘਾਟ ਦੇ ਕਾਰਨ

ਸਿੱਖ ਧਰਮ ਦੇ ਪ੍ਰਚਾਰ ਦੀ ਘਾਟ ਦੇ ਕਈ ਕਾਰਨ ਹਨ ਪਰ ਪ੍ਰਮੁੱਖ ਹੈ ਸਾਡੇ ਸਾਰਿਆਂ ਦੀ ਜੀਵਨ ਜਾਂਚ ਗੁਰਮਤਿ ਅਨੁਕੂਲ ਨਾ ਹੋਣਾ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਹਰ ਇਨਸਾਨ ਧੰਨ ਕਮਾਉਣ ਤੇ ਸਮਾਜ ਵਿਚ ਅੱਗੇ ਵਧਣ ਦੀ ਦੌੜ ਵਿੱਚ ਲੱਗਾ ਹੋਇਆ ਹੈ। ਜੇ ਅਸੀਂ ਕਹੀਏ ਕਿ ਲੀਡਰਾਂ ਨੂੰ, ਅਧਿਆਪਕਾਂ ਨੂੰ ਜਾਂ ਮਾਪਿਆਂ ਨੂੰ ਇਸ ਦੌੜ ਤੋਂ ਹਟਾ ਕੇ ਧਰਮ ਵਾਲੇ ਪਾਸੇ ਜੋੜੀਏ ਤਾਂ ਕੀ ਉਹ ਆਉਣ ਵਾਲੀ ਪੀੜੀ ਨੂੰ ਸੇਧ ਦੇ ਸਕਣ ਤਾਂ ਉਹ ਤਾਂ ਹੀ ਮੁਮਕਿੰਨ ਹੈ ਜੇ ਮੌਜੂਦਾ ਸਿਸਟਮ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਜਾਣ। ਧਰਮ ਪ੍ਰਚਾਰ ਨਾਲ ਜੋੜਨ ਲਈ ਜੋ ਪ੍ਰਬੰਧਕੀ ਢਾਂਚਾ ਮੌਜੂਦ ਹੈ, ਉਹ ਸਿੱਖ ਧਰਮ ਦੇ ਪ੍ਰਚਾਰ ਲਈ ਕਿਸੇ ਤਰ੍ਹਾਂ ਵੀ ਢੁਕਵਾਂ ਨਹੀਂ। ਸਾਡੇ ਬਹੁਤ ਸਾਰੇ ਵਿਦਵਾਨਾਂ ਨੇ ਇਹ ਰਾਇ ਪ੍ਰਗਟਾਈ ਹੈ ਕਿ ਸਾਡਾ ਪ੍ਰਬੰਧਕੀ ਢਾਂਚਾ ਚੋਣਾਂ ਤੇ ਆਧਾਰਤ ਨਹੀਂ ਹੋਣਾ ਚਾਹੀਦਾ। ਬਲਕਿ ਉਹਨਾਂ ਲੋਕਾਂ ਦੇ ਹੱਥ ਵਿਚ ਹੋਣਾ ਚਾਹੀਦਾ ਹੈ ਜੋ ਹਰ ਪੱਖੋਂ ਇਸ ਕੰਮ ਲਈ ਕਾਬਲ ਹਨ। ਇਹ ਦਲੀਲ ਪ੍ਰਭਾਵਸ਼ਾਲੀ ਲੱਗਦੀ ਹੈ। ਪਰ ਜੇ ਅਸੀਂ ਇਸ ਨੂੰ ਪ੍ਰੈਕਟੀਕਲ ਰੂਪ ਵਿਚ ਅਪਨਾਉਣਾ ਹੋਵੇ ਫਿਰ ਕੀ ਢੰਗ ਹੋਵੇਗਾ, ਐਸੇ ਯੋਗ ਬੰਦੇ ਲੱਭਣ

ਦਾ ਜੋ ਇਸ ਪ੍ਰਬੰਧਕੀ ਢਾਂਚੇ ਨੂੰ ਕਾਰਗਰ ਢੰਗ ਨਾਲ ਚਲਾ ਸਕਣ।

ਅੱਜ ਸਾਡਾ ਪ੍ਰਬੰਧਕੀ ਢਾਂਚਾ ਰਾਜਨੀਤੀ ਨਾਲ ਪ੍ਰੇਰਿਤ ਹੈ, ਉਸ ਵਿੱਚ ਉਨ੍ਹਾਂ ਲੋਕਾਂ ਦੀ ਗਿਣਤੀ ਵੱਧ ਗਈ ਹੈ ਜਿਨ੍ਹਾਂ ਲਈ ਧਰਮ ਪ੍ਰਚਾਰ ਕੋਈ ਮੁੱਦਾ ਹੀ ਨਹੀਂ। ਉਹ ਆਪਣੀਆਂ ਕੁਰਸੀਆਂ ਵੱਲ, ਰੁਤਬਿਆਂ ਵੱਲ ਤੇ ਦੌਲਤ ਵੱਲ ਦੇਖਦੇ ਰਹਿੰਦੇ ਹਨ ਤੇ ਇਸ ਪੱਖੋਂ ਅਨਜਾਣ ਹਨ ਕਿ ਸਾਡੇ ਧਰਮ ਨੂੰ ਦਿਨ ਬ ਦਿਨ ਇਕ ਵੱਡੀ ਢਾਹਾ ਲੱਗ ਰਹੀ ਹੈ। ਪ੍ਰਬੰਧਕ ਕਮੇਟੀਆਂ ਦੇ ਕੰਮ ਕਾਜ ਵਿੱਚ ਰਿਸ਼ਵਤ ਖੋਰੀ, ਭਾਈ ਭਤੀਜਾਵਾਦ ਤੇ ਹੋਰ ਕਈ ਬੁਰਾਈਆਂ ਇਸ ਕਦਰ ਵੱਧ ਗਈਆਂ ਹਨ ਕਿ ਉਨ੍ਹਾਂ ਦੀ ਰੋਕਥਾਮ ਇਕ ਗੰਭੀਰ ਸਮਸਿਆ ਬਣ ਗਈ ਹੈ। ਜੇ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨਿਰਪੱਖ ਤੌਰ 'ਤੇ ਕੰਮ ਨਾ ਕਰ ਸਕਣ, ਜੇ ਕਮੇਟੀਆਂ ਦੇ ਉਹਦੇਦਾਰ ਕੋਈ ਫੈਸਲੇ ਆਪ ਨਾ ਲੈ ਸਕਣ ਜੇ ਮੈਂਬਰਾਂ ਨੂੰ ਸਿੱਖ ਧਰਮ ਬਾਰੇ ਐਨ੍ਹਾਂ ਵੀ ਗਿਆਨ ਨਾਂ ਹੋਵੇ ਕਿ ਸਿੱਖ ਨੇ ਦੂਸਰੇ ਸਿੱਖ ਨੂੰ ਪਿਆਰ ਕਰਨਾ ਹੈ, ਉਸ ਦੀ ਦਾੜ੍ਹੀ ਜਾਂ ਪੱਗ ਨੂੰ ਹੱਥ ਨਹੀਂ ਪਾਉਣਾ ਤਾਂ ਫੇਰ ਸਿੱਖ ਧਰਮ ਦੇ ਪ੍ਰਚਾਰ ਦੀ ਉਮੀਦ ਕਿੱਸ ਤੋਂ ਕੀਤੀ ਜਾ ਸਕਦੀ ਹੈ। ਜੱਦ ਸਿੱਖ ਬੱਚੇ ਅਧਿਆਪਕਾਂ ਨੂੰ ਜਾਂ ਮਾਪਿਆਂ ਨੂੰ ਕੋਈ ਸਵਾਲ ਪੁੱਛਦੇ ਹਨ ਤੇ ਅੱਗੋਂ ਤੱਸਲੀਬਖਸ਼ ਉੱਤਰ ਨਹੀਂ ਮਿਲਦਾ ਤਾਂ ਉਹ ਸਿੱਖ ਧਰਮ ਤੋਂ ਅਵੇਸਲੇ ਹੋ ਜਾਂਦੇ ਹਨ। ਜੱਦ ਮਾਪੇ ਜਾਂ ਅਧਿਆਪਕ ਕੋਈ ਜਾਣਕਾਰੀ ਲੈਣਾ ਚਾਹੁੰਦੇ ਹਨ ਜਾਂ ਉਨ੍ਹਾਂ ਦੇ ਮਨ 'ਚ ਕੋਈ ਸ਼ੰਕਾ ਹੁੰਦਾ ਹੈ ਤੇ ਉਸਨੂੰ ਨਿਵਰਿਤ ਕਰਨਾ ਚਾਹੁੰਦੇ ਹਨ ਤਾਂ ਉਹ ਕਿਸ ਕੋਲ ਪਹੁੰਚ ਕਰਨ। ਕੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜਾਂ ਕਮੇਟੀਆਂ ਦੇ ਅਹੁਦੇਦਾਰ ਜਾਂ ਕਮੇਟੀਆਂ ਦੇ ਮੈਂਬਰ, ਕੋਈ ਵੀ ਉਨ੍ਹਾਂ ਦੀ ਇਸ ਪੱਖੋਂ ਮਦਦ ਕਰ ਸਕਦਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਕੇਸ ਸੰਭਾਲ ਪ੍ਰਚਾਰ ਸੰਸਥਾ ਨੇ ਇਸ ਪੱਖੋਂ ਇਕ ਸੈਮੀਨਾਰ ਕਰਵਾਇਆ ਕਿ ਕਿਸ ਤਰ੍ਹਾਂ ਸਿੱਖ ਧਰਮ ਦਾ ਪ੍ਰਚਾਰ ਕਰਨ ਦੇ ਲਈ ਇਕ ਉਪਯੁਕਤ ਪ੍ਰਬੰਧਕੀ ਢਾਂਚਾ ਲਾਗੂ ਕੀਤਾ ਜਾਵੇ। ਸੈਮੀਨਾਰ ਵਿੱਚ ਇਹ ਮੁੱਦਾ ਉਭਰ ਕੇ ਆਇਆ ਕਿ ਢਾਂਚਾ ਕੁਝ ਇਸ ਤਰ੍ਹਾਂ ਦਾ ਹੋਵੇ ਕਿ ਦੁਨੀਆਂ ਦੇ ਸਾਰੇ ਸਿੱਖ ਉਸ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜ ਸਕਣ। ਸੈਮੀਨਾਰ ਵਿੱਚ ਹੋਈਆਂ ਵਿਚਾਰਾਂ ਦੇ ਆਧਾਰ 'ਤੇ ਜਿਸ ਤਰ੍ਹਾਂ ਦੇ ਪ੍ਰਬੰਧਕੀ ਢਾਂਚੇ ਦੀ ਕਲਪਨਾ ਕੀਤੀ ਗਈ ਉਸਦੇ ਹੇਠ ਲਿਖੇ ਪੰਜ ਸਤੰਭ ਹਨ -

1. ਤਖਤ ਜੱਥੇਦਾਰ ਬੋਰਡ (ਟੀ.ਜੇ.ਬੀ.)
2. ਟੀ.ਜੇ.ਬੀ. ਦੀ ਸਲਾਹਕਾਰ ਕਮੇਟੀ
3. ਐਸ.ਜੀ.ਪੀ.ਸੀ. ਤੇ ਹੋਰ ਪ੍ਰਬੰਧਕ ਕਮੇਟੀਆਂ
4. ਸਿੱਖ ਧਰਮ ਪ੍ਰਚਾਰਕ ਸਰਵਿਸ (ਐਸ.ਡੀ.ਪੀ.ਐਸ.)
5. ਕੰਸੋਲੀਡੇਟਿਡ ਫੰਡ ਆਫ ਸਿੱਖਸ (ਸੀ.ਐਫ.ਐਸ.)

ਇਨ੍ਹਾਂ ਪੰਜ ਸਤੰਭਾਂ ਤੋਂ ਇਲਾਵਾ ਚੋਣਾਂ ਕਰਵਾਉਣ ਲਈ ਤੇ ਧਾਰਮਿਕ ਮਸਲਿਆਂ ਤੋਂ ਇਲਾਵਾ ਹੋਰ ਮਸਲੇ ਨਿਪਟਾਉਣ ਲਈ ਸਰਕਾਰ ਨੂੰ ਉਚਿਤ ਵਿਵੱਸਥਾ ਕਰਨੀ ਪਵੇਗੀ। ਇਹ ਵਿਵੱਸਥਾ ਕਿਸੇ ਸੰਸਥਾ ਨੂੰ ਚੋਣ ਕਮਿਸ਼ਨ ਵਰਗੇ ਕੰਮ ਦੇ ਕੇ ਤੇ ਟ੍ਰਿਬਿਊਨਲ ਨੂੰ ਜੁਡੀਸ਼ੀਅਲ ਕੰਮ ਦੇ ਕੇ ਕੀਤੀ ਜਾ ਸਕਦੀ ਹੈ।

ਧਰਮ ਪ੍ਰਚਾਰ ਦੇ ਢਾਂਚੇ ਦਾ ਪਹਿਲਾ ਸਤੰਭ ਤਖ਼ਤ ਜੱਥੇਦਾਰ ਬੋਰਡ ਦਾ ਹੈ। ਜਿਸ ਤੋਂ ਭਾਵ ਹੈ ਪੰਜੋਂ ਤਖ਼ਤਾਂ ਦੇ ਜੱਥੇਦਾਰਾਂ ਦਾ ਇਕ ਬੋਰਡ। ਇਸ ਬੋਰਡ ਦੇ ਗਠਨ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੋ ਕਿ ਸਿੱਖ ਧਰਮ ਦਾ ਪਹਿਲਾ ਤਖ਼ਤ ਸੀ, ਦਾ ਸਭ ਤੋਂ ਉੱਚਾ ਅਸਥਾਨ ਹੈ।

## ਅਕਾਲ ਤਖ਼ਤ ਸਾਹਿਬ ਦੀ ਮਹੱਤਤਾ

ਗੁਰੂ ਹਰਿਗੋਬਿੰਦ ਸਾਹਿਬ ਨੇ ਜਦ ਇਹ ਜ਼ਰੂਰਤ ਮਹਿਸੂਸ ਕੀਤੀ ਕਿ ਧਾਰਮਿਕ ਮਸਲਿਆਂ ਤੋਂ ਇਲਾਵਾ ਰਾਜਨੀਤਿਕ ਮਸਲੇ ਵੀ ਵਿਚਾਰਨੇ ਹਨ ਤਾਂ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ।

ਗੁਰੂ ਸਾਹਿਬ ਹਰ ਐਸਾ ਮਸਲਾ ਉਥੇ ਬੈਠ ਕੇ ਵਿਚਾਰਿਆ ਕਰਦੇ ਸਨ ਤੇ ਲੋਕਾਂ ਨੂੰ ਆਦੇਸ਼ ਜਾਰੀ ਕਰਦੇ ਸਨ। ਇਤਿਹਾਸ ਦੀ ਇਸ ਪਿਛੋਕੜ ਨੂੰ ਦੇਖਦੇ ਹੋਏ ਅੱਜ ਦੇ ਯੁੱਗ ਵਿੱਚ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਖਾਂ ਦਾ ਉਹ ਸਰਵੋਤਮ ਅਸਥਾਨ ਹੋਣ ਦਾ ਦਰਜਾ ਪ੍ਰਾਪਤ ਹੈ, ਜਿੱਥੋਂ ਕੌਮ ਦੀ ਅਗਵਾਈ ਲਈ ਹੁਕਮ ਜਾਰੀ ਹੋ ਸਕਦੇ ਹਨ। ਪਿੱਛੇ ਜਿਹੇ ਜਦ ਅਕਾਲ ਤਖ਼ਤ ਸਾਹਿਬ ਤੋਂ ਪਹਿਲੀ ਵਾਰ ਬਾਬਾ ਸੱਚਾ ਸੌਦਾ ਦੇ ਵਿਰੁੱਧ ਰੋਸ ਪ੍ਰਗਟਾਉਣ ਲਈ ਪੰਜਾਬ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਤਾਂ ਸਿਰਫ ਸਿੱਖਾਂ ਨੇ ਹੀ ਨਹੀਂ ਬਲਕਿ ਪੰਜਾਬ ਦੇ ਹਰ ਜੀਅ ਨੇ ਇਸਦਾ ਪਾਲਨ ਕੀਤਾ। ਇਸ ਤੋਂ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੀ ਮਹੱਤਤਾ ਤੇ ਮਾਨਤਾ ਦਾ ਆਭਾਸ ਹੁੰਦਾ ਹੈ। ਸੋ ਕੋਈ ਵੀ ਪ੍ਰਸ਼ਾਸਨਿਕ ਢਾਂਚਾ ਹੋਵੇ ਜੱਥੇਦਾਰ ਅਕਾਲ ਤਖ਼ਤ ਸਾਹਿਬ ਦਾ ਸਭ ਤੋਂ ਉੱਚ ਅਸਥਾਨ ਹੈ। ਇੱਥੇ ਇਹ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਜਦ ਅਸੀਂ ਜੱਥੇਦਾਰ ਅਕਾਲ ਤਖ਼ਤ ਸਾਹਿਬ ਦੀ ਗੱਲ ਕਰਦੇ ਹਾਂ ਤਾਂ ਕਿਸੇ ਵਿਅਕਤੀ ਵਿਸ਼ੇਸ਼ ਦੀ ਗੱਲ ਨਹੀਂ ਕਰਦੇ। ਜੋ ਵੀ ਬੰਦਾ ਉਸ ਪਦਵੀ ਤੇ ਤੈਨਾਤ ਹੈ ਉਹ ਆਪਣੀ ਪਦਵੀ ਕਰਕੇ ਸਨਮਾਨਯੋਗ ਹੈ ਜਿਵੇਂ ਸੁਪਰੀਮ ਕੋਰਟ ਦੇ ਜੱਜ ਭਾਵੇਂ ਕੋਈ ਵੀ ਹੋਣ ਉਹ ਜੋ ਫੈਸਲਾ ਕਰਨਗੇ ਉਹ ਦੇਸ਼ ਦਾ ਕਾਨੂੰਨ ਬਣ ਜਾਵੇਗਾ। ਇਸ ਤਰ੍ਹਾਂ ਹੀ ਅਕਾਲ ਤਖ਼ਤ ਦੇ ਜੱਥੇਦਾਰ ਦਾ ਫੈਸਲਾ ਸਿੱਖਾਂ ਲਈ ਕਾਨੂੰਨ ਹੈ ਜਿਸ ਦਾ ਮੰਨਣਾ ਲਾਜ਼ਮੀ ਹੈ।

## ਤਖਤ ਜਥੇਦਾਰ ਬੋਰਡ (ਟੀ ਜੇ ਬੀ)

ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੀ ਪਦਵੀ ਸਰਵਉੱਤਮ ਹੈ ਪਰ ਇਹ ਦੇਖਣ ਵਿੱਚ ਆਇਆ ਹੈ ਕਿ ਉਹ ਇਕੱਲੇ ਸਿੱਖ ਕੌਮ ਦੇ ਕਈ ਮਸਲਿਆਂ ਨੂੰ ਹੱਲ ਨਹੀਂ ਕਰ ਸਕਦੇ। ਪਿੱਛਲੇ ਕਈ ਸਾਲਾਂ ਵਿੱਚ ਐਸੇ ਕਈ ਹੁਕਮਨਾਮੇ ਜਾਰੀ ਹੋਏ ਜੋ ਵਾਦ-ਵਿਵਾਦ ਦਾ ਕਾਰਨ ਬਣ ਗਏ। ਜਥੇਦਾਰ ਸਾਹਿਬ ਦੇ ਕਈ ਫੈਸਲਿਆਂ ਤੇ ਕਿੰਤੂ ਪ੍ਰੰਤੂ ਵੀ ਹੁੰਦਾ ਰਿਹਾ ਹੈ। ਸਾਡੇ ਮੱਤ ਅਨੁਸਾਰ ਕੋਈ ਵੀ ਫੈਸਲਾ ਕਰਨ ਦਾ ਹੱਕ ਕਿਸੇ ਨੂੰ ਵੀ ਦੇਣ ਤੋਂ ਪਹਿਲਾਂ ਉਸ ਲਈ ਇਕ ਸਿਸਟਮ ਨਿਰਧਾਰਿਤ ਕਰਨਾ ਚਾਹੀਦਾ ਹੈ ਤੇ ਉਸ ਸਿਸਟਮ ਅਨੁਸਾਰ ਹੀ ਪੂਰੇ ਪਰੋਸੀਜ਼ਰ ਨੂੰ ਨਿਭਾਉਂਦੇ ਹੋਏ ਐਸੇ ਫੈਸਲੇ ਹੋਣੇ ਚਾਹੀਦੇ ਹਨ। ਸਿੱਖ ਧਰਮ ਵਿੱਚ ਚਾਰ ਹੋਰ ਤਖ਼ਤ ਵੀ ਹਨ ਜਿਨ੍ਹਾਂ ਦੀ ਇਤਿਹਾਸਕ ਮਹੱਤਤਾ ਤੇ ਮਾਨਤਾ ਵੀ ਬਹੁਤ ਉੱਚੀ ਹੈ। ਸੋ ਪ੍ਰਮੁੱਖ ਫੈਸਲੇ ਕਰਨ ਲਈ ਇਹਨਾਂ ਪੰਜੋਂ ਜਥੇਦਾਰਾਂ ਦੀ ਇਕ ਸੰਸਥਾ ਹੋਣੀ ਚਾਹੀਦੀ ਹੈ ਜਿਸ ਨੂੰ ਅਸੀਂ ਤਖਤ ਜਥੇਦਾਰ ਬੋਰਡ ਦਾ ਨਾਮ ਦਿੱਤਾ ਹੈ।

## ਇੱਕ ਨਹੀਂ ਕਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ

ਇਸ ਬੋਰਡ ਵਿੱਚ ਪੰਜ ਮੈਂਬਰ ਹੋਣਗੇ ਜਿਨ੍ਹਾਂ ਵਿੱਚ ਚਾਰ ਤਖ਼ਤਾਂ ਦੇ ਜਥੇਦਾਰ ਤੇ ਪੰਜਵੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ। ਜੱਥੇਦਾਰ ਅਕਾਲ ਤਖ਼ਤ ਸਾਹਿਬ ਇਸ ਬੋਰਡ ਦੇ ਚੇਅਰਮੈਨ ਹੋਣਗੇ। ਇਹ ਛੇ ਮੈਂਬਰੀ ਕਮੇਟੀ ਫੈਸਲਾ ਲੈਣ ਵੇਲੇ ਵਿਦਵਾਨਾਂ ਦੇ ਵਿਚਾਰ ਜਾਣ ਸਕੇ, ਇਸ ਲਈ ਇਹਨਾਂ ਦੇ ਅਧੀਨ ਇਕ 10 ਮੈਂਬਰੀ ਐਡਵਾਈਜ਼ਰੀ ਕਮੇਟੀ ਹੋਵੇਗੀ। ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਇਕੱਲੀ ਸਾਰੇ ਦੇਸ਼ ਦੇ ਇਤਿਹਾਸਿਕ ਤੇ ਦੂਸਰੇ ਗੁਰਦੁਆਰਿਆਂ ਦੀ ਦੇਖਭਾਲ ਨਹੀਂ ਕਰ ਸਕਦੀ ਤੇ ਨਾ ਹੀ ਸਾਰੇ ਦੇਸ਼ ਦੇ ਸਿੱਖਾਂ ਦੀ ਪ੍ਰਤੀਨਿੱਧਤਾ ਕਰ ਸਕਦੀ ਹੈ। ਸੋ ਇਸ ਕਰਕੇ ਸਾਡੇ ਵਿਚਾਰ ਅਨੁਸਾਰ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵੀ ਪ੍ਰਬੰਧਕ ਕਮੇਟੀਆਂ ਹੋਣੀਆਂ ਲਾਜ਼ਮੀ ਹਨ। ਹਰ ਉਹ ਸੂਬਾ ਜਾਂ ਕੇਂਦਰੀ ਪ੍ਰਦੇਸ਼ ਜਿੱਥੇ ਸਿੱਖਾਂ ਦੀ ਗਿਣਤੀ ਇਕ ਲੱਖ ਤੋਂ ਜ਼ਿਆਦਾ ਹੈ ਜਾਂ ਦੋ ਜਾਂ ਉਸਤੋਂ ਜ਼ਿਆਦਾ ਇਤਿਹਾਸਿਕ ਗੁਰਦੁਆਰੇ ਹਨ ਉਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਣੀ ਚਾਹੀਦੀ ਹੈ। ਜੋ ਉਥੋਂ ਦੇ ਸਿੱਖਾਂ ਦੇ ਹਿਤਾਂ ਦੀ ਰੱਖਿਆ ਕਰ ਸਕੇ ਤੇ ਗੁਰਦੁਆਰਿਆਂ ਦੀ ਠੀਕ ਤਰ੍ਹਾਂ ਦੇਖਭਾਲ ਕਰ ਸਕੇ। ਅੱਜ ਅਨੇਕਾਂ ਐਸੇ ਗੁਰਦੁਆਰੇ ਹਨ ਜਿਨ੍ਹਾਂ ਦੀ ਦੇਖਭਾਲ ਕਰਨ ਲਈ ਕੋਈ ਉਪਯੁਕਤ ਬੰਦੋਬਸਤ ਨਹੀਂ ਹੈ। ਮਿਸਾਲ ਦੇ ਤੌਰ 'ਤੇ ਆਜਮਗੜ੍ਹ, ਯੂ.ਪੀ. ਵਿੱਚ ਇਕ ਇਤਿਹਾਸਿਕ ਗੁਰਦੁਆਰਾ ਹੈ ਜਿੱਥੇ ਕਈ ਹੱਥ ਲਿਖਿਤ

ਪੁਰਾਤਨ ਬੀੜਾਂ ਅੱਜ ਵੀ ਮੌਜੂਦ ਹਨ ਪਰ ਜਿਸਦੀ ਦੇਖਭਾਲ ਕਰਨ ਦਾ ਪ੍ਰਬੰਧ ਤਸੱਲੀਬਖਸ਼ ਨਹੀਂ ਹੈ। ਅਗਰ ਯੂ.ਪੀ. ਵਿੱਚ ਐਸੀ ਪ੍ਰਬੰਧਕ ਕਮੇਟੀ ਹੋਵੇ ਤਾਂ ਹਰ ਗੁਰਦੁਆਰੇ ਵੱਲ ਉਚਿੱਤ ਲੋੜੀਂਦਾ ਧਿਆਨ ਦਿੱਤਾ ਜਾ ਸਕਦਾ ਹੈ। ਯੂ.ਪੀ. ਬਿਹਾਰ ਦੇ ਬਾਰਡਰ ਤੇ ਵੀ ਐਸੇ ਕੁਝ ਧਾਰਮਕ ਅਸਥਾਨ ਹਨ। ਸੋ ਟੀ ਜੇ ਬੀ ਅਡਵਾਈਜਰੀ ਕਮੇਟੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੋਂ ਇਲਾਵਾ ਸਾਡੇ ਪ੍ਰਸਤਾਵਿਤ ਢਾਂਚੇ ਵਿੱਚ ਦੋ ਹੋਰ ਸਤੰਭ ਹਨ, ਧਰਮ ਪ੍ਰਚਾਰਕਾਂ ਦੀ ਸੇਵਾ ਜਿਸਨੂੰ ਅਸੀਂ ਸਿੱਖ ਧਰਮ ਪ੍ਰਚਾਰਕ ਸਰਵਿਸ (ਐਸ ਡੀ ਪੀ ਐਸ) ਦਾ ਨਾਮ ਦਿੱਤਾ ਹੈ ਤੇ ਕੰਸੋਲੀਡੇਟਿਡ ਫੰਡ ਆਫ ਸਿੱਖ। ਇਹਨਾਂ ਤੋਂ ਇਲਾਵਾ ਚੋਣਾਂ ਕਰਵਾਉਣ ਲਈ ਤੇ ਧਾਰਮਿਕ ਮਸਲਿਆਂ ਤੋਂ ਇਲਾਵਾ ਹੋਰ ਮਸਲੇ ਨਿਪਟਾਉਣ ਲਈ ਸਰਕਾਰ ਨੂੰ ਉਚਿੱਤ ਵਿਵੱਸਥਾ ਕਰਨੀ ਪਵੇਗੀ। ਇਹ ਵਿਵੱਸਥਾ ਕਿਸੇ ਸੰਸਥਾ ਨੂੰ ਚੋਣ ਕਮਿਸ਼ਨ ਵਰਗੇ ਕੰਮ ਦੇ ਕੇ ਤੇ ਟ੍ਰਿਬਿਊਨਲ ਨੂੰ ਜੁਡੀਸ਼ੀਅਲ ਕੰਮ ਦੇ ਕੇ ਕੀਤੀ ਜਾ ਸਕਦੀ ਹੈ। ਪ੍ਰਸਤਾਵਿਤ ਪ੍ਰਬੰਧਕੀ ਢਾਂਚੇ ਦੇ 5 ਥੰਮਾਂ ਬਾਰੇ ਹੁਣ ਅਸੀਂ ਵਿਸਥਾਰ ਵਿੱਚ ਗੱਲ ਕਰਾਂਗੇ।

### ਕਮੇਟੀਆਂ ਦੇ ਮੈਂਬਰਾਂ ਦੀ ਚੋਣ ਕਿਸ ਤਰ੍ਹਾਂ ਹੋਵੇ

ਜਿਸ ਤਰ੍ਹਾਂ ਅੱਜਕਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਪੰਜਾਬ 'ਚ ਵਸਦੇ ਸਿੱਖ ਕਰਦੇ ਹਨ, ਇਹ ਚੋਣ ਇਸ ਤਰ੍ਹਾਂ ਹੀ ਕਾਨੂੰਨ ਦੇ ਹਿਸਾਬ ਨਾਲ ਹੁੰਦੀ ਰਵੇ। ਪਰ ਜਿਵੇਂ ਕਿ ਅਸੀਂ ਉਪਰ ਕਿਹਾ ਹੈ ਕਿ ਇਕੱਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਸੱਲੀਬਖ਼ਸ਼ ਕੰਮ ਨਹੀਂ ਕਰ ਪਾ ਰਹੀ, ਸੋ ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚ ਵੀ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਪੱਖੋਂ ਵਿਰੋਧ ਕਰਦੀ ਰਹੀ ਹੈ ਜਿਸ ਤਰ੍ਹਾਂ ਕਿ ਪਾਕਿਸਤਾਨ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਣ ਵੇਲੇ ਤੇ ਹਰਿਆਣਾ ਦੇ ਸਿੱਖਾਂ ਦੀ ਅਲਗ ਕਮੇਟੀ ਦੀ ਮੰਗ ਵਿਰੁਧ ਉਨ੍ਹਾਂ ਦੇ ਰਵਈਏ ਤੋਂ ਲਗਦਾ ਹੈ। ਅਸੀਂ ਇਸ ਗੱਲ 'ਤੇ ਸਹਿਮਤੀ ਪ੍ਰਗਟ ਕਰਦੇ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਬੜੇ ਸੰਘਰਸ਼ ਤੋਂ ਬਾਅਦ ਹੋਂਦ ਵਿੱਚ ਆਈ ਸੀ ਅਤੇ ਜਿਸ ਦਾ ਪ੍ਰਮੁੱਖ ਕਾਰਜ ਖੇਤਰ ਦਫਤਰ ਅੰਮ੍ਰਿਤਸਰ ਵਿਖੇ ਹੈ, ਭਾਰਤ ਦੀ ਸ਼੍ਰੋਮਣੀ ਕਮੇਟੀ ਹੋਣੀ ਚਾਹੀਦੀ ਹੈ ਪਰ ਇੰਨੇ ਵੱਡੇ ਦੇਸ਼ ਵਿੱਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਸ ਕਮੇਟੀ ਦੇ ਨਾਲ ਮਿਲ ਕੇ ਕੰਮ ਕਰਨ ਵਾਲੀਆਂ ਕਮੇਟੀਆਂ ਹੋਰ ਅਸਥਾਨਾਂ 'ਤੇ ਹੋਣੀਆਂ ਜ਼ਰੂਰੀ ਹਨ। ਜੋ ਲੋਕ ਇਸ ਦਾ ਵਿਰੋਧ ਕਰਦੇ ਹਨ, ਉਹ ਇਹ ਭੁਲ ਜਾਂਦੇ ਹਨ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਲੱਗ ਕਮੇਟੀ ਹੋਣ ਕਰਕੇ ਦਿੱਲੀ ਵਿਚ ਗੁਰਦੁਆਰਿਆਂ ਲਈ ਤੇ ਸਿੱਖਾਂ ਦੇ ਹੋਰ ਵਿਦਿਅਕ ਅਦਾਰਿਆਂ ਲਈ ਜਿਵੇਂ ਕਿ ਸਕੂਲ, ਕਾਲਜ, ਹਸਪਤਾਲ ਆਦਿ ਲਈ ਚੰਗਾ ਕੰਮ ਕਰ ਰਹੀ ਹੈ। ਪਾਕਿਸਤਾਨ ਵਿਚ ਵੀ ਜੱਦੋਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨਹੀਂ ਸੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੁਝ ਖਾਸ ਨਹੀਂ ਕਰ ਪਾ ਰਹੀ ਸੀ। ਪਰ ਜੱਦ ਤੋਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਹੈ, ਪਾਕਿਸਤਾਨ ਵਿਚ ਇਸ ਪੱਖੋਂ ਸ਼ਲਾਘਾ ਯੋਗ ਕੰਮ ਹੋਇਆ ਹੈ। ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਵਾਲਿਆਂ ਦੀ ਮੰਗ ਨੂੰ ਇਸ ਕਰਕੇ ਨਕਾਰ ਰਹੀ ਹੈ ਤਾਂ ਕਿ ਉਨ੍ਹਾਂ ਦੀ ਸਥਿਤੀ ਕਮਜੋਰ ਨਾ ਪੈ ਜਾਵੇ। ਸਾਡੇ ਪ੍ਰਪੋਜ਼ਲ ਅਨੁਸਾਰ ਅਲਗ-ਅਲਗ ਕਮੇਟੀਆਂ ਬਨਾਉਣ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਿਤੀ ਹੋਰ ਮਜਬੂਤ ਹੋ ਜਾਵੇਗੀ ਨਾ ਕਿ ਕਮਜੋਰ। ਜੇ ਹੋਰ ਕੋਈ ਕਮੇਟੀ ਹੀ ਨਹੀਂ ਤਾਂ ਫਿਰ ਕੋਈ ਸ਼੍ਰੋਮਣੀ ਕਿਦਾਂ ਹੋ ਸਕਦਾ ਹੈ।ਜੱਦ ਬਹੁਤ ਸਾਰੀਆਂ ਕਮੇਟੀਆਂ ਹੋਣਗੀਆਂ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੱਚਮੁਚ ਸ਼੍ਰੋਮਣੀ ਹੋ ਕੇ ਉਭਰੇਗੀ।

### ਹੋਰ ਕਮੇਟੀਆਂ ਦਾ ਵੇਰਵਾ

ਸੋ ਸਾਡੇ ਵਿਚਾਰ ਅਨੁਸਾਰ ਸਿਰਫ ਹਰਿਆਣਾ ਵਿਚ ਹੀ ਨਹੀਂ, ਹਿਮਾਚਲ ਵਿਚ, ਯੂ.ਪੀ. ਵਿਚ, ਉਤਰਾਂਚਲ ਵਿਚ, ਬਿਹਾਰ ਵਿਚ, ਵੈਸਟ ਬੰਗਾਲ ਵਿਚ, ਮੱਧ ਪ੍ਰਦੇਸ ਵਿਚ, ਰਾਜਸਥਾਨ ਤੇ ਮਹਾਰਾਸ਼ਟਰ ਵਿਚ

ਜਿੱਥੇ ਸਿੱਖਾਂ ਦੀ ਤੇ ਇਤਿਹਾਸਿਕ ਗੁਰਦੁਆਰਿਆਂ ਦੀ ਗਿਣਤੀ ਕਾਫੀ ਹੈ ਇਹ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ। ਜਿਹੜੇ ਇਲਾਕਿਆਂ ਵਿਚ ਸਿੱਖਾਂ ਦੀ ਘੱਟ ਗਿਣਤੀ ਕਰਕੇ ਤੇ, ਜਾਂ ਇਤਿਹਾਸਿਕ ਗੁਰਦੁਆਰੇ ਨਾ ਹੋਣ ਕਰਕੇ ਇਹ ਕਮੇਟੀਆਂ ਨਾ ਬਣਾਈਆਂ ਜਾ ਸਕਣ ਉਨ੍ਹਾਂ ਇਲਾਕਿਆਂ ਨੂੰ ਐਸੀ ਕਮੇਟੀ ਨਾਲ ਜੋੜਿਆ ਜਾ ਸਕਦਾ ਹੈ ਜੋ ਨੇੜਲੇ ਇਲਾਕੇ ਦੀ ਹੋਵੇ। ਮਿਸਾਲ ਦੇ ਤੌਰ 'ਤੇ ਵੈਸਟ ਬੰਗਾਲ ਦੀ ਕਮੇਟੀ ਨੂੰ ਈਸਟਰਨ ਸਟੇਟ ਜਿਵੇਂ ਕਿ ਆਸਾਮ, ਮੇਘਾਲਿਆ ਦਾ ਇਲਾਕਾ ਵੀ ਦਿੱਤਾ ਜਾ ਸਕਦਾ ਹੈ। ਬਿਹਾਰ ਸਟੇਟ ਨੂੰ ਝਾਰਖੰਡ ਦਾ ਇਲਾਕਾ ਦਿੱਤਾ ਜਾ ਸਕਦਾ ਹੈ। ਮਹਾਰਾਸ਼ਟਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਦੱਖਣ ਦੇ ਚਾਰੋ ਸੂਬੇ ਰੱਖੇ ਜਾ ਸਕਦੇ ਹਨ। ਵਿਦੇਸ਼ਾਂ ਵਿਚ ਵੀ ਇਹ ਕਮੇਟੀਆਂ ਹੋਣੀਆਂ ਚਾਹੀਦੀਆਂ ਹਨ। ਜਿੱਥੇ ਦੇਸ਼ ਛੋਟਾ ਹੈ ਜਿਵੇਂ ਕਿ ਪਾਕਿਸਤਾਨ ਤੇ ਬੰਗਲਾ ਦੇਸ਼ ਉਥੇ ਇਕੋ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਫੀ ਹੈ ਪਰ ਜਿੱਥੇ ਦੇਸ਼ ਬਹੁਤ ਵੱਡਾ ਹੈ ਤੇ ਸਿੱਖਾਂ ਦੀ ਗਿਣਤੀ ਵੀ ਕਾਫੀ ਹੈ ਉਥੇ ਦੋ ਜਾਂ ਇਸ ਤੋਂ ਜ਼ਿਆਦਾ ਵੀ ਪ੍ਰਬੰਧਕ ਕਮੇਟੀਆਂ ਹੋ ਸਕਦੀਆਂ ਹਨ। ਮਿਸਾਲ ਦੇ ਤੌਰ ਤੇ ਕੈਨੇਡਾ ਵਿਚ ਟੋਰੰਟੋ ਈਸਟਰਨ ਸਾਈਡ ਤੇ ਹੈ ਤੇ ਵੈਨਕੂਵਰ ਵੈਸਟਰਨ ਸਾਈਡ 'ਤੇ ਦੋਨੋਂ ਸਾਈਡਾਂ 'ਤੇ ਸਿੱਖਾਂ ਦੀ ਗਿਣਤੀ ਬਹੁਤ ਹੈ, ਸੋ ਈਸਟਰਨ ਕੈਨੇਡਾ ਤੇ ਵੈਸਟਰਨ ਕੈਨੇਡਾ ਦੀਆਂ ਦੋ ਵਖਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਹੋ ਸਕਦੀਆਂ ਹਨ। ਜਿਨ੍ਹਾਂ ਸੂਬਿਆਂ ਵਿਚ ਇਤਿਹਾਸਿਕ ਗੁਰਦੁਆਰੇ ਹਨ ਉਥੇ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੈਡ ਕੁਆਟਰ ਉਸ ਅਸਥਾਨ ਤੇ ਹੋਣਾ ਚਾਹੀਦਾ ਹੈ ਜਿਥੇ ਕੋਈ ਇਤਿਹਾਸਿਕ ਗੁਰਦੁਆਰਾ ਹੋਵੇ ਜਾਂ ਬਹੁਤ ਸਾਰੇ ਗੁਰਦੁਆਰੇ ਹੋਣ। ਜਿਵੇਂ ਕਿ ਮਹਾਰਾਸ਼ਟਰਾ ਵਿਚ ਨਾਂਦੇੜ, ਬਿਹਾਰ ਵਿਚ ਪਟਨਾ ਸਾਹਿਬ ਪਰ ਜਿਥੇ ਇਤਿਹਾਸਿਕ ਗੁਰਦੁਆਰੇ ਨਹੀਂ ਹਨ ਉਥੇ ਹੈਡ ਕੁਆਰਟਰ ਸੂਬੇ ਦੀ ਰਾਜਧਾਨੀ ਜਾਂ ਉਸ ਸ਼ਹਿਰ ਵਿਚ ਹੋਣਾ ਚਾਹੀਦਾ ਹੈ ਜਿਥੇ ਸਿੱਖਾਂ ਦੀ ਗਿਣਤੀ ਜ਼ਿਆਦਾ ਹੋਵੇ ਜਿਵੇਂ ਵੈਸਟ ਬੰਗਾਲ ਵਿਚ ਕਲਕੱਤਾ। ਵਿਦੇਸ਼ਾ ਵਿਚ, ਪਾਕਿਸਤਾਨ ਤੇ ਬੰਗਲਾ ਦੇਸ਼ ਨੂੰ ਛੱਡ ਕੇ ਜਿੱਥੇ ਇਤਿਹਾਸਿਕ ਗੁਰਦੁਆਰੇ ਨਹੀਂ ਹਨ ਉਥੇ ਹੈਡ ਕੁਆਰਟਰ ਉਸ ਸ਼ਹਿਰ ਵਿਚ ਹੋਣਾ ਚਾਹੀਦਾ ਹੈ ਜਿਥੇ ਸਿੱਖਾਂ ਦੀ ਗਿਣਤੀ ਜ਼ਿਆਦਾ ਹੈ ਜਾਂ ਜੋ ਦੇਸ਼ ਦੀ ਰਾਜਧਾਨੀ ਹੈ ਜਿਵੇਂ ਇੰਗਲੈਂਡ ਵਿਚ ਲੰਡਨ। ਕਿਸੇ ਵੀ ਕਮੇਟੀ ਦਾ ਹੈਡ ਕੁਆਰਟਰ ਕਿਥੇ ਹੋਵੇ ਇਸਦਾ ਫੈਸਲਾ ਉਥੋਂ ਦੇ ਲੋਕ ਕਰ ਸਕਦੇ ਹਨ, ਪਰ ਜੇ ਇਹ ਫੈਸਲਾ ਕਰਨ ਵਿਚ ਕਿਸੇ ਤਰ੍ਹਾਂ ਦੀ ਕੋਈ ਅੜਚਨ ਹੋਵੇ ਜਾਂ ਵਿਵਾਦ ਹੋਵੇ ਤਾਂ ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ ਹੋਵੇਗਾ।

## ਹੋਰ ਕਮੇਟੀਆਂ ਦੇ ਮੈਂਬਰਾਂ ਬਾਰੇ

ਹਰ ਪ੍ਰਬੰਧਕ ਕਮੇਟੀ ਦੇ ਮੈਂਬਰ ਉਸ ਤਰ੍ਹਾਂ ਹੀ ਚੁਣੇ ਜਾਣਗੇ ਜਿਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਜਾਂਦੇ ਹਨ। ਭਾਵ ਉਨ੍ਹਾਂ ਇਲਾਕਿਆਂ ਦੇ ਸਿੱਖ ਉਹ ਮੈਂਬਰ ਚੁਨਣਗੇ ਜੋ ਇਲਾਕੇ ਉਸ ਕਮੇਟੀ ਦੇ ਦਾਇਰੇ ਵਿਚ ਆਉਂਦੇ ਹਨ। ਚੋਣ ਕਰਾਉਣ ਦੀ ਮਸ਼ੀਨਰੀ ਉਥੋਂ ਦੀ ਸਰਕਾਰ ਪ੍ਰੋਵਾਈਡ ਕਰੇਗੀ ਜਿਸ ਤਰ੍ਹਾਂ ਕਿ ਪੰਜਾਬ ਤੇ ਦਿੱਲੀ ਦੀਆਂ ਸਰਕਾਰਾਂ ਕਰ ਦੀਆਂ ਹਨ। ਜੋ ਲੋਕ ਮੈਂਬਰ ਬਨਣ ਲਈ ਚੋਣ ਲੜਨਾ ਚਾਹੁੰਣਗੇ ਉਨ੍ਹਾਂ ਲਈ ਨਿਰਧਾਰਿਤ ਯੋਗਤਾ ਤੇ ਸ਼ਰਤਾਂ ਹੋਣਗੀਆਂ ਜਿਹੜੀਆਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਲਾਕੇ ਤੇ ਅਸਥਾਨ ਨੂੰ ਦੇਖਦੇ ਹੋਏ ਨਿਰਧਾਰਿਤ ਕਰੇਗੀ। ਪਰ ਕੋਈ ਵੀ ਮੈਂਬਰ ਐਸਾ ਨਹੀਂ ਹੋਵੇਗਾ ਜੋ ਸਿੱਖ ਧਰਮ ਦੀ ਮਰਿਆਦਾ ਦੇ ਅਨੁਕੂਲ ਜੀਵਨ ਨਾ ਜੀਅ ਰਿਹਾ ਹੋਵੇ। ਸੋ ਜਿਸ ਨੇ ਕੇਸ ਕਤਲ ਕੀਤੇ ਹੋਣ ਜਾਂ ਜੋ ਰੋਮਾਂ ਦੀ ਬੇਅਦਬੀ ਕਰਦਾ ਹੋਵੇ ਮੈਂਬਰ ਨਹੀਂ ਹੋ ਸਕਦਾ।

## ਮੈਂਬਰ ਬਨਣ ਲਈ ਯੋਗਤਾ ਤੇ ਹੋਰ ਸ਼ਰਤਾਂ

ਇਹ ਹੋ ਸਕਦਾ ਹੈ ਕਿ ਕੁਝ ਕਮੇਟੀਆਂ ਦੇ ਮੈਂਬਰ ਅੰਮ੍ਰਿਤਧਾਰੀ ਨਾ ਹੋਣ ਕਿਉਂਕਿ ਉਸ ਇਲਾਕੇ ਵਿੱਚ ਅੰਮ੍ਰਿਤਧਾਰੀ ਸਿੱਖ ਘੱਟ ਹੋਣਗੇ, ਪਰ ਕੇਸ ਤੇ ਦਸਤਾਰ ਤੋਂ ਬਿਨ੍ਹਾਂ ਕੋਈ ਵੀ ਮੈਂਬਰ ਨਹੀਂ ਹੋਣਾ

ਚਾਹੀਦਾ। ਕੁਝ ਸੂਬਾਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਇਲਾਕੇ ਵਿੱਚ ਕੁਝ ਐਸੇ ਲੋਕ ਵੀ ਹਨ ਜੋ ਸਿੱਖ ਧਰਮ ਵਿੱਚ ਆਸਥਾ ਰੱਖਦੇ ਹਨ ਪਰ ਜੋ ਕੇਸਾਂ ਦੀ ਮਰਿਆਦਾ ਦਾ ਪਾਲਣ ਨਹੀਂ ਕਰਦੇ। ਐਸੇ ਲੋਕ ਆਪਣੇ ਆਪ ਨੂੰ ਗੁਰੂ ਨਾਨਕ ਨਾਮ ਲੇਵਾ ਕਹਿੰਦੇ ਹਨ। ਜਿਵੇਂ ਕਿ ਸਿੱਕਲੀਗਰ ਤੇ ਸਤਨਾਮੀਏਂ ਮੱਧ ਪ੍ਰਦੇਸ਼, ਮਹਾਂਰਾਸ਼ਟਰ ਤੇ ਰਾਜਸਥਾਨ ਵਿੱਚ ਲੱਖਾਂ ਦੀ ਗਿਣਤੀ ਵਿੱਚ ਹਨ, ਐਸੇ ਇਲਾਕਿਆਂ ਵਿੱਚ ਉਥੋਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਉਹਨਾਂ ਵਿਚੋਂ ਕੁਝ ਮੈਂਬਰ ਨੌਮੀਨੇਟ ਕਰ ਸਕਦੀਆਂ ਹਨ। ਇਸ ਨਾਲ ਜਿੱਥੇ ਉਹ ਲੋਕ ਮੁੱਖ ਧਾਰਾ ਵਿੱਚ ਆ ਜਾਣਗੇ, ਉਥੇ ਹੀ ਉਹਨਾਂ ਵਿੱਚ ਕੇਸਾਂ ਦੀ ਮਰਿਆਦਾ ਦਾ ਪਾਲਣ ਕਰਨ ਦੀ ਭਾਵਨਾ ਪ੍ਰਫੁੱਲਤ ਕਰਨ ਵਿੱਚ ਮੱਦਦ ਮਿਲੇਗੀ। ਜੋ ਨਸ਼ਿਆਂ ਦਾ ਸੇਵਨ ਕਰਦੇ ਹਨ ਉਹ ਵੀ ਕਿਸੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਹੀਂ ਬਨਾਏ ਜਾਣੇ ਚਾਹੀਦੇ। ਜਿੱਥੋਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਬੰਧ ਹੈ ਉਹਦਾ ਹਰ ਮੈਂਬਰ ਬੀ.ਏ. ਪਾਸ ਤੇ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਕੋਈ ਵੀ ਐਸਾ ਵਿਅਕਤੀ ਜਿਸਦੇ ਪਰਿਵਾਰ ਵਿਚ ਵੀ ਭਾਵ ਕੇ ਉਸ ਦੇ ਪੁੱਤਰ ਧੀਆਂ ਭਾਵੇਂ ਉਹ ਵਿਆਹੇ ਹੋਣ, ਅਗਰ ਕੋਈ ਪਤਿੱਤ ਹੈ ਤਾਂ ਉਸ ਨੂੰ ਮੈਂਬਰ ਨਹੀਂ ਬਨਾਉਣਾ ਚਾਹੀਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਮੈਂਬਰ ਨੂੰ ਘੱਟੋ ਘੱਟ ਦਸਵੀਂ ਤੱਕ ਪੰਜਾਬੀ ਪੜ੍ਹੀ ਹੋਣੀ ਜ਼ਰੂਰੀ ਹੈ ਅਤੇ ਉਸਨੂੰ ਪੰਜਾਬੀ ਲਿਖਣੀ ਬੋਲਣੀ ਤੇ ਪੜ੍ਹਨੀ ਚੰਗੀ ਤਰ੍ਹਾਂ ਆਉਣੀ ਚਾਹੀਦੀ ਹੈ। ਉਸ ਨੂੰ ਸਿੱਖ ਧਰਮ ਬਾਰੇ ਲੋੜੀਂਦਾ ਗਿਆਨ ਹੋਣਾ ਚਾਹੀਦਾ ਹੈ ਜਿਸ ਬਾਰੇ ਉਸਨੂੰ ਸਬੂਤ ਦੇਣਾ ਪਵੇਗਾ। ਉਸਤੇ ਕਿਸੇ ਤਰ੍ਹਾਂ ਦਾ ਵੀ ਕੋਈ ਕ੍ਰਿਮਨਲ ਕੇਸ ਜਾਂ ਕੋਈ ਚਾਰਜ ਸ਼ੀਟ ਜਾਂ ਕੋਈ ਕੰਮਪਲੇਟ ਨਹੀਂ ਹੋਣੀ ਚਾਹੀਦੀ ਹੈ। ਅਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਠੀਕ ਸਮਝੇ ਤਾਂ ਆਪਣੇ ਨੌਮੀਨੇਟਿਡ ਮੈਂਬਰਾਂ ਵਿੱਚ ਕੁਝ ਐਸੇ ਸਿੱਖ ਸ਼ਾਮਲ ਕਰ ਸਕਦੀ ਹੈ ਜੋ ਕੇਸਾਂ ਦੀ ਮਰਿਆਦਾ ਦਾ ਪਾਲਣ ਤਾਂ ਕਰਦੇ ਹਨ ਪਰ ਹੋਰ ਕਈ ਪੱਖੋਂ ਮਰਿਆਦਾ ਵਿੱਚ ਵੱਖਰੇਵਾਂ ਪ੍ਰਗਟਾਉਂਦੇ ਹਨ। ਜਿਵੇਂ ਕਿ ਨਾਮਧਾਰੀ, ਰਾਧਾ ਸੁਆਮੀ ਆਦਿ।

## ਐਸ.ਜੀ.ਪੀ.ਸੀ ਦੀ ਐਗਜੈਕਟਿਵ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਚੋਣ ਤੋਂ ਬਾਅਦ ਸਾਰੇ ਮੈਂਬਰ ਆਪਣਾ ਪ੍ਰਧਾਨ ਤੇ ਹੋਰ ਅਹੁੱਦੇਦਾਰ ਚੁਨਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਪਦਵੀ ਸਾਰੇ ਪ੍ਰਬੰਧਕੀ ਢਾਂਚੇ ਵਿੱਚ ਬਹੁਤ ਮਹੱਤਵਪੂਰਨ ਹੈ, ਇਸ ਕਰਕੇ ਮੈਂਬਰਾਂ ਨੂੰ ਪ੍ਰਧਾਨ ਚੁਣਨ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਜੁੰਮੇਂਵਾਰੀ ਵਾਲੀ ਪੰਡ ਕਿਸ ਦੇ ਸਿਰ ਤੇ ਰੱਖ ਰਹੇ ਹਨ। ਕਿਸੇ ਰਾਜਨੀਤਿਕ ਦਬਾਅ ਵਿੱਚ ਜਾਂ ਕਿਸੇ ਵਿਅਕਤੀ ਵਿਸੇਸ਼ ਦੇ ਦਬਾਅ ਹੇਠ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਨਹੀਂ ਹੋਣੀ ਚਾਹੀਦੀ। ਅਹੁਦੇਦਾਰਾਂ ਤੋਂ ਇਲਾਵਾ ਐਸ.ਜੀ.ਪੀ.ਸੀ. ਦੇ ਮੈਂਬਰਾਂ ਦੀ ਇਕ ਹੋਰ ਬਹੁਤ ਵੱਡੀ ਜੁੰਮੇਂਵਾਰੀ ਹੈ, ਐਗਜੈਕਟਿਵ ਕਮੇਟੀ ਲਈ 5 ਮੈਂਬਰ ਚੁਣਨੇ। ਇਹ 5 ਮੈਂਬਰ ਯੋਗਤਾ, ਤਜਰਬੇ ਤੇ ਸੀਨੀਓਰੀਟੀ ਦੇ ਆਧਾਰ ਚੁਣੇ ਜਾਣਗੇ। ਐਸ.ਜੀ.ਪੀ.ਸੀ ਦੀ ਚੋਣ ਦੇ ਨਾਲ ਹੀ ਦੇਸ਼ ਵਿੱਚ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਚੋਣ ਵੀ ਉਥੋਂ ਦੀਆਂ ਸਟੇਟ ਸਰਕਾਰਾਂ ਜਾਂ ਸੈਂਟਰਲ ਗੌਰਮਿੰਟ ਦੇ ਐਕਟ ਦੇ ਅੰਤਰਗਤ ਇਲੈਕਸ਼ਨ ਕਮਿਸ਼ਨ ਦੁਆਰਾ ਕਰਵਾਈਆਂ ਜਾਣਗੀਆਂ। ਚੋਣ ਤੋਂ ਪਹਿਲਾਂ ਹਰ ਸਟੇਟ ਵਿੱਚ ਰਹਿੰਦੇ ਸਿੱਖ ਵੋਟਰਾਂ ਦੀ ਲਿਸਟ ਬਣੇਗੀ ਤੇ ਉਹਨਾਂ ਨੂੰ ਸਿੱਖ ਵੋਟਰ ਹੋਣ ਦਾ ਐਡੈਂਟੀ ਕਾਰਡ ਦਿੱਤਾ ਜਾਵੇਗਾ। ਇਹ ਇਸ ਲਈ ਜ਼ਰੂਰੀ ਹੈ ਤਾਂ ਕਿ ਚੋਣਾਂ ਵਿੱਚ ਕਿਸੇ ਪ੍ਰਕਾਰ ਦੀ ਗਲਤ ਫਹਿਮੀ ਵੋਟਰਾਂ ਨੂੰ ਲੈ ਕੇ ਨਾ ਹੋਵੇ। ਇਸ ਪੱਖੋਂ ਸਿੱਖ ਦੀ ਕੀ ਪ੍ਰੀਭਾਸ਼ਾ ਹੋਵੇਗੀ, ਇਸਦਾ ਫੈਸਲਾ ਐਸ. ਜੀ. ਪੀ. ਸੀ. ਜਥੇਦਾਰ ਤਖਤ ਬੋਰਡ ਤੇ ਉਹਨਾਂ ਦੀ ਨੁਮਾਇੰਦਗੀ ਕਰਦੀ ਹੋਈ ਐਡਵਾਈਜ਼ਰੀ ਕਮੇਟੀ ਨਾਲ ਸਲਾਹ ਕਰਕੇ ਕਰੇਗੀ। ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਐਸ.ਜੀ.ਪੀ.ਸੀ. ਨੇ ਜੋ ਵੀ ਮਹੱਤਵਪੂਰਨ ਫੈਸਲੇ ਕਰਨੇ ਹਨ, ਜੋ ਕਿਸੇ ਹੋਰ ਕਮੇਟੀ ਦੇ ਕਾਰਜ ਖੇਤਰ ਵਿੱਚ ਨਹੀਂ ਰੱਖੇ ਗਏ ਹਨ ਉਹ ਐਗਜੈਕਟਿਵ

ਕਮੇਟੀ ਵੱਲੋਂ ਹੀ ਕੀਤੇ ਜਾਣੇ ਹਨ। ਪਰ ਇਹ ਫੈਸਲੇ ਕਰਨ ਲਈ ਐਗਜੈਕਟਿਵ ਕਮੇਟੀ ਸੰਪੂਰਨ ਹੋਣੀ ਚਾਹੀਦੀ ਹੈ। ਇਸਦੀ ਸੰਪੂਰਨਤਾ ਤਦ ਹੋਵੇਗੀ ਜਦ ਇਸ ਵਿੱਚ ਨਵੇਂ ਚੁਣੇ ਗਏ ਮੈਂਬਰ ਵੀ ਸ਼ਾਮਲ ਕੀਤੇ ਜਾਣਗੇ।

## ਐਸ.ਜੀ.ਪੀ.ਸੀ. ਦੇ ਨੌਮੀਨੇਟਿਡ ਮੈਂਬਰ

ਐਸ.ਜੀ.ਪੀ.ਸੀ. ਵਿੱਚ ਮੈਂਬਰ ਕੋਔਪਟ ਕਰਨ ਦੀ ਪ੍ਰਥਾ ਹੁਣ ਵੀ ਹੈ ਪਰ ਇਹ ਮੈਂਬਰ ਇਕ ਵੱਡੀ ਨੁਮਾਇੰਦਗੀ ਕਰ ਸਕਣ ਤੇ ਇਕ ਸਿਸਟਮ ਦੇ ਅੰਤਰਗਤ ਚੁਣੇ ਜਾਣ, ਇਹ ਬਹੁਤ ਜ਼ਰੂਰੀ ਹੈ। ਇਸ ਲਈ ਅਸੀਂ ਸੋਚਦੇ ਹਾਂ ਕਿ ਦੇਸ਼ ਦੀਆਂ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਪਣੇ ਦੋ-ਦੋ ਮੈਂਬਰਾਂ ਦੇ ਨਾਮ ਉਹਨਾਂ ਦੇ ਬਾਇਓਡਾਟਾ ਸਮੇਤ ਐਸ.ਜੀ.ਪੀ.ਸੀ. ਕੋਲ ਭੇਜਣਗੇ। ਉਹਨਾਂ ਦੇ ਬਾਇਓਡਾਟਾ ਨੂੰ ਮੁੱਖ ਰੱਖਦੇ ਹੋਏ ਐਸ.ਜੀ.ਪੀ.ਸੀ. ਉਹਨਾਂ ਨੂੰ ਨਵੇਂ ਨੌਮੀਨੇਟਿਡ ਬਣਾਏਗੀ। ਅਗਰ ਬਾਇਓਡਾਟਾ ਦੇ ਆਧਾਰ 'ਤੇ ਐਸ.ਜੀ.ਪੀ.ਸੀ. ਨੂੰ ਕੋਈ ਇਤਰਾਜ ਹੈ ਤਾਂ ਉਹ ਸਬੰਧਤ ਕਮੇਟੀ ਨੂੰ ਬੇਨਤੀ ਕਰਨਗੇ ਕਿ ਉਸ ਮੈਂਬਰ ਦੇ ਨਾਂ ਦੀ ਥਾਂ ਕਿਸੇ ਦੂਸਰੇ ਮੈਂਬਰ ਦਾ ਨਾਮ ਭੇਜਿਆ ਜਾਵੇ। ਜਦੋਂ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਐਸ.ਜੀ.ਪੀ.ਸੀ. ਵਿੱਚ ਪ੍ਰਤੀਨਿਧਤਾ ਮਿਲ ਜਾਏਗੀ ਤਾਂ ਐਸ.ਜੀ.ਪੀ.ਸੀ. ਦੇ ਮੈਂਬਰ ਇਹਨਾਂ 15 ਤੋਂ 20 ਮੈਂਬਰਾਂ ਵਿਚੋਂ ਯੋਗਤਾ, ਤਜ਼ਰਬੇ ਤੇ ਸਿਨਿਉਰਿਟੀ ਦੇ ਆਧਾਰ 'ਤੇ 5 ਮੈਂਬਰਾਂ ਨੂੰ ਐਗਜੈਕਟਿਵ ਦੇ ਮੈਂਬਰ ਬਣਾਏਗੀ। ਇਹ ਸੰਪੂਰਨ ਐਗਜੈਕਟਿਵ ਕਮੇਟੀ ਜਿਸ ਵਿੱਚ ਐਸ.ਜੀ.ਪੀ.ਸੀ. ਦੇ ਅਹੁਦੇਦਾਰ, 5 ਮੈਂਬਰ ਤੇ 5 ਨੌਮੀਨੇਟਿਡ ਮੈਂਬਰ ਸ਼ਾਮਲ ਹੋਣਗੇ, ਸਾਰੇ ਮਹੱਤਵਪੂਰਨ ਫੈਸਲੇ ਕਰੇਗੀ। ਇਹਨਾਂ ਵਿੱਚ ਪਹਿਲਾ ਫੈਸਲਾ ਹੋਵੇਗਾ ਹੋਰ ਮੈਂਬਰਾਂ ਨੂੰ ਐਸ.ਜੀ.ਪੀ.ਸੀ. ਵਿੱਚ ਨੌਮੀਨੇਟ ਕਰਨਾ। ਇਹ ਨੌਮੀਨੇਟਿਡ ਮੈਂਬਰ ਅਲੱਗ ਅਲੱਗ ਖੇਤਰਾਂ ਵਿੱਚੋਂ ਹੋਣਗੇ। ਦੋ ਮੈਂਬਰ ਸਿੱਖ ਧਰਮ ਪ੍ਰਚਾਰਕ ਸਰਵਿਸ 'ਚੋਂ, ਜੋ ਡਾਇਰੈਕਟਰ ਰੈਂਕ ਦੇ ਹੋਣਗੇ ਮੈਂਬਰ ਨੌਮਿਨੇਟ ਕੀਤੇ ਜਾਣਗੇ। ਤਿੰਨ ਹੋਰ ਨੌਮਿਨੇਟਡ ਮੈਂਬਰ ਐਸੀਆਂ ਸੰਸਥਾਵਾਂ 'ਚੋਂ ਲਏ ਜਾਣਗੇ ਜੋ ਸਿੱਖ ਧਰਮ ਦੇ ਪ੍ਰਚਾਰ ਨਾਲ ਜੁੜੀਆਂ ਹੋਈਆਂ ਹਨ। ਦੋ ਮੈਂਬਰ ਵਿਦੇਸ਼ਾਂ ਦੀਆਂ ਕਮੇਟੀਆਂ 'ਚੋਂ ਨੌਮਿਨੇਟ ਕੀਤੇ ਜਾਣਗੇ ਤੇ ਹੋਰ ਤਿੰਨ ਮੈਂਬਰ ਇਕ ਸਿੱਖ ਵਿਦਵਾਨਾਂ 'ਚੋਂ, ਇਕ ਵਿਦਿਅਕ ਖੇਤਰ ਵਿਚੋਂ ਤੇ ਇਕ ਹੋਰ ਜਿਸ ਨੇ ਕਿਸੇ ਵੀ ਖੇਤਰ ਵਿਚ ਜਿਸ ਵਿੱਚ ਸਰਕਾਰੀ ਸੇਵਾ ਵੀ ਸ਼ਾਮਲ ਹੈ, ਕਿਸੇ ਕੰਮ ਕਰ ਕੇ ਨਾਮਨਾ ਖਟਿਆ ਹੋਵੇ। ਇਹਨਾਂ ਨੌਮਿਨੇਟਡ ਮੈਂਬਰਾਂ ਵਿਚੋਂ ਹਰ ਸਾਲ ਘੱਟੋ-ਘੱਟ 6 ਅਤੇ ਵੱਧ ਤੋਂ ਵੱਧ 8 ਮੈਂਬਰ, ਸਥਿਤੀ ਅਨੁਸਾਰ, ਰਿਟਾਇਰ ਹੋ ਜਾਣਗੇ ਤੇ ਉਨ੍ਹਾਂ ਦੀ ਥਾਂ ਨਵੇਂ ਮੈਂਬਰ ਨੌਮਿਨੇਟ ਕੀਤੇ ਜਾਣਗੇ। ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਰਮ ਖਤਮ ਹੋ ਜਾਏਗੀ ਤੱਦ ਨਵੀਂ ਐਗਜ਼ੇਕਟਿਵ ਕਮੇਟੀ ਫਿਰ ਤੋਂ ਮੈਂਬਰ ਨੌਮਿਨੇਟ ਕਰੇਗੀ। ਉਸ ਤੋਂ ਬਾਅਦ ਐਗਜ਼ੇਕਟਿਵ ਜੋ ਵੀ ਫੈਸਲੇ ਕਰੇਗੀ ਉਸ ਵਿਚ ਇਹ 5 ਮੈਂਬਰ ਸ਼ਾਮਿਲ ਰਹਿਣਗੇ। ਜੇ ਇਨ੍ਹਾਂ ਵਿੱਚੋਂ ਕੋਈ ਰਿਟਾਇਰ ਹੋਵੇਗਾ ਤਾਂ ਉਸ ਦੀ ਥਾਂ ਦੂਸਰਾ ਨੌਮਿਨੇਟਡ ਮੈਂਬਰ ਲਿਆ ਜਾਵੇਗਾ। ਦੂਸਰੇ ਸ਼ਬਦਾਂ ਵਿੱਚ ਐਸ ਜੀ ਪੀ ਸੀ ਦੀ ਸ਼ੁਰੂ ਵਾਲੀ ਐਗਜ਼ੇਕਟਿਵ ਸਿਰਫ ਨੌਮਿਨੇਟਡ ਮੈਂਬਰਾਂ ਦੀ ਚੋਣ ਕਰਨ ਲਈ ਫੈਸਲਾ ਲਵੇਗੀ, ਉਸਤੋਂ ਬਾਅਦ ਸਾਰੇ ਫੈਸਲੇ ਪੂਰੀ ਐਗਜ਼ੇਕਟਿਵ ਬਾਡੀ ਜਿਸ ਵਿੱਚ ਉਹਦੇਦਾਰ, ਪੰਜ ਮੈਂਬਰ ਐਸ ਜੀ ਪੀ ਸੀ ਤੇ ਪੰਜ ਮੈਂਬਰ ਨੌਮਿਨੇਟਿਡ ਸ਼ਾਮਿਲ ਹੋਣਗੇ।

## ਐਸ.ਜੀ.ਪੀ.ਸੀ. ਦੇ ਕੰਮ

ਕਿਉਂਕਿ ਐਸ.ਜੀ.ਪੀ.ਸੀ. ਸਭ ਤੋਂ ਸ਼੍ਰੋਮਣੀ ਕਮੇਟੀ ਹੋਵੇਗੀ ਤੇ ਇਸ ਵਿਚ ਸਭ ਤੋਂ ਜ਼ਿਆਦਾ ਮੈਂਬਰ ਹੋਣਗੇ, ਇਸਦੀਆਂ ਜਿੰਮੇਂਵਾਰੀਆਂ ਵੀ ਵੱਡੀਆਂ ਤੇ ਕਈ ਪ੍ਰਕਾਰ ਦੀਆਂ ਹੋਣਗੀਆਂ। ਹੁਣ ਵੀ ਐਸ.ਜੀ.ਪੀ.ਸੀ. ਧਰਮ ਪ੍ਰਚਾਰ ਤੋਂ ਇਲਾਵਾ ਕਈ ਵਿਦਿਅਕ ਅਦਾਰਿਆਂ ਨੂੰ ਤੇ ਸਮਾਜ ਸੇਵਾ ਦੀ ਭਲਾਈ ਵਾਲੇ ਅਦਾਰਿਆਂ ਨੂੰ ਚਲਾਉਂਦੀ ਹੈ। ਇਹ ਸਾਰੇ ਕੰਮਾਂ ਦਾ ਖੇਤਰ ਵਧਾਉਣਾ ਪਵੇਗਾ ਤੇ ਇਸਤੋਂ ਇਲਾਵਾ ਵੀ ਬਹੁਤ ਸਾਰੇ ਕੰਮ ਹੋਰ ਐਸ.ਜੀ.ਪੀ.ਸੀ. ਦੀ ਜਿੰਮੇਂਵਾਰੀ ਬਣ ਜਾਣਗੇ। ਉਸਨੂੰ ਆਪਣੇ ਅਲੱਗ

ਅਲੱਗ ਕੰਮਾਂ ਲਈ ਕਈ ਤਰ੍ਹਾਂ ਦੀਆਂ ਕਮੇਟੀਆਂ ਤੇ ਸੈੱਲ ਸਥਾਪਿਤ ਕਰਨੇ ਪੈਣਗੇ। ਐਗਜੈਕਟਿਵ ਕਮੇਟੀ ਤੋਂ ਇਲਾਵਾ ਐਸ.ਡੀ.ਪੀ.ਐਸ. ਦੀ ਸੇਵਾ ਨੂੰ ਦੇਖਣ ਵਾਲਾ ਕਮਿਸ਼ਨ, ਧਰਮ ਪ੍ਰਚਾਰ ਦੇ ਲਈ ਕਮੇਟੀ, ਬਿਲਡਿੰਗ ਕਮੇਟੀ, ਸਕਿਉਰਿਟੀ ਕਮੇਟੀ, ਸਮਾਜਿਕ ਤੇ ਆਰਥਿਕ ਕਮੇਟੀ ਆਦਿ ਜ਼ਰੂਰਤ ਅਨੁਸਾਰ ਬਣਾਈਆਂ ਜਾ ਸਕਦੀਆਂ ਹਨ। ਇਹਨਾਂ ਸਾਰੀਆਂ ਕਮੇਟੀਆਂ ਨੂੰ ਠੀਕ ਢੰਗ ਨਾਲ ਚਲਾਉਣ ਲਈ ਇਹਨਾਂ ਦੇ ਪ੍ਰਮੁੱਖ ਡਾਇਰੈਕਟਰ ਦੇ ਰੈਂਕ ਦੇ ਬੰਦੇ ਤੇ ਲੋੜੀਂਦੀ ਯੋਗਤਾ ਵਾਲੇ ਬੰਦੇ ਮੁਕੱਰਰ ਕਰਨੇ ਚਾਹੀਦੇ ਹਨ। ਜਿਵੇਂ ਕਿ ਫਾਇਨੈਂਸ ਕਮੇਟੀ ਲਈ ਸੀ.ਏ., ਬਿਲਡਿੰਗ ਮਿਟੇਂਨੈਂਸ ਕਮੇਟੀ ਲਈ ਇੰਜੀਨੀਅਰ ਤੇ ਧਰਮ ਪ੍ਰਚਾਰ ਕਮੇਟੀ ਲਈ ਐਸ.ਡੀ.ਪੀ.ਐਸ. ਸੇਵਾ ਵਿਚੋਂ ਡਾਇਰੈਕਟਰ ਦੇ ਰੈਂਕ ਦਾ ਬੰਦਾ ਲਏ ਜਾ ਸਕਦੇ ਹਨ।

## ਸਮਾਜਿਕ ਤੇ ਆਰਥਿਕ ਸਮੱਸਿਆਵਾਂ ਤੇ ਕੰਮ

ਕੁਝ ਕਮੇਟੀਆਂ ਦਾ ਕੰਮ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਨੂੰ ਡੀਲ ਕਰਨ ਦਾ ਹੋਵੇਗਾ। ਕਿਉਂਕਿ ਇਹਨਾਂ ਸਮੱਸਿਆਵਾਂ ਦੇ ਹੱਲ ਨਾਲ ਵੀ ਧਰਮ ਪ੍ਰਚਾਰ ਹੁੰਦਾ ਹੈ। ਮਿਸਾਲ ਦੇ ਤੌਰ ਤੇ ਸਮਾਜਿਕ ਤੇ ਆਰਥਿਕ ਕਮੇਟੀ ਇਕ ਮੈਰਿਜ ਬਿਉਰੋ ਬਣਾ ਸਕਦੀ ਹੈ ਜਾਂ ਐਂਪਲਾਇਮੈਂਟ ਐਕਸਚੇਂਜ ਬਣਾਈ ਜਾ ਸਕਦੀ ਹੈ ਜਿਸ ਰਾਹੀਂ ਸਿੱਖ ਬੱਚਿਆਂ ਦੇ ਰਿਸ਼ਤੇ ਤੇ ਉਹਨਾਂ ਨੂੰ ਨੌਕਰੀਆਂ ਦਵਾਉਣ ਦਾ ਕੰਮ ਤੇਜੀ ਨਾਲ ਕੀਤਾ ਜਾਵੇਗਾ। ਆਰਥਿਕ ਕੰਮਾਂ ਵਿਚੋਂ ਸਿੱਖਾਂ ਦੀਆਂ ਕੋਆਪ੍ਰੇਟਿਵ ਸੁਸਾਇਟੀਆਂ ਬਣਾ ਕੇ ਉਹਨਾਂ ਦੀ ਮਾਲੀ ਤੌਰ ਤੇ ਮਦਦ ਕਰਨਾ, ਉਹਨਾਂ ਨੂੰ ਸਸਤੀਆਂ ਦਰਾਂ ਤੇ ਕਰਜ਼ੇ ਦੇਣ ਦਾ ਪ੍ਰਬੰਧ ਕਰਨਾ, ਉਹਨਾਂ ਲਈ ਵਿਉਪਾਰ ਗਾਈਡੈਂਸ ਲਈ ਸਲਾਹ ਸੈਂਟਰ ਖੋਲ੍ਹਣੇ, ਕਿਸਾਨਾਂ ਲਈ ਦੇਸੀ ਢੰਗ ਨਾਲ ਖੇਤੀਬਾੜੀ ਕਰਕੇ ਜ਼ਿਆਦਾ ਫਸਲ ਉਪਜਾਉਣ ਦੇ ਢੰਗ ਦਰਸਾਉਣ ਵਾਲੇ ਪ੍ਰੋਗਰਾਮ ਕਰਵਾਉਣੇ, ਕੈਂਪ ਲਗਾਉਣੇ, ਕਿਸਾਨ ਮੇਲੇ ਕਰਵਾਣੇ ਆਦਿ ਸ਼ਾਮਲ ਹਨ। ਐਜੂਕੇਸ਼ਨ ਕਮੇਟੀ ਜਿੱਥੇ ਚੰਗੇ ਸਕੂਲ ਕਾਲਜ, ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ ਅਤੇ ਟੈਕਨੀਕਲ ਇੰਸਟੀਚਿਊਟਸ ਨੂੰ ਸ਼ੁਰੂ ਕਰਨ ਤੇ ਉਹਨਾਂ ਨੂੰ ਚਲਾਉਣ ਦਾ ਕੰਮ ਦੇਖੇਗੀ, ਉਥੇ ਹੀ ਵਿਦਿਆਰਥੀਆਂ ਲਈ ਪ੍ਰੋਫੈਸ਼ਨਲ ਕੋਰਸਸ ਤੇ ਸਿਵਲ ਸਰਵਿਸਿਸ ਵਿੱਚ ਜਾਣ ਲਈ ਟ੍ਰੇਨਿੰਗ ਸੈਂਟਰ ਵੀ ਖੋਲ੍ਹੇਗੀ। ਖੇਡਾਂ ਨੂੰ ਪ੍ਰਫੁੱਲਤ ਕਰਨ ਦਾ ਕੰਮ ਵੀ ਇਸ ਕਮੇਟੀ ਕੋਲੋਂ ਲਿਆ ਜਾ ਸਕਦਾ ਹੈ। ਹਾਕੀ ਜੋ ਕਿ ਸਿੱਖਾਂ ਦੀ ਮਨਪਸੰਦ ਖੇਡ ਰਹੀ ਹੈ ਉਸਦੀ ਚੰਗੀ ਟ੍ਰੇਨਿੰਗ ਦੇ ਕੇ ਉਲੰਪਿਕ ਦੇ ਲਈ ਟੀਮਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਹੀ ਕਬੱਡੀ ਤੇ ਹੋਰ ਪੇਂਡੂ ਖੇਡਾਂ ਦਾ ਪ੍ਰਚਾਰ ਤੇ ਪ੍ਰਸਾਰ ਮੇਲਿਆਂ ਰਾਹੀਂ ਤੇ ਕੈਂਪਾਂ ਰਾਹੀਂ ਕਰਵਾਇਆ ਜਾ ਸਕਦਾ ਹੈ। ਬਿਲਡਿੰਗ ਕਮੇਟੀ ਜਿੱਥੇ ਬਿਲਡਿੰਗਾਂ ਦੀ ਟੁੱਟ ਭੰਨ ਤੇ ਕੰਸਟਰਕਸ਼ਨ ਦਾ ਕੰਮ ਦੇਖੇਗੀ ਉਥੇ ਹੀ ਬਿਲਡਿੰਗਾਂ ਦਾ ਇਸਤੇਮਾਲ ਠੀਕ ਢੰਗ ਤੇ ਲਾਹੇਵੰਦ ਹੋਣਾ ਚਾਹੀਦਾ ਹੈ, ਇਸ ਪੱਖੋਂ ਵੀ ਧਿਆਨ ਦੇਵੇਗੀ। ਕਈ ਦਾਨੀ ਲੋਕ ਜਮੀਨ ਜਾਂ ਬਿਲਡਿੰਗ ਕਮੇਟੀ ਨੂੰ ਦਿੰਦੇ ਹਨ ਪਰ ਕਮੇਟੀ ਸਹੀ ਢੰਗ ਨਾਲ ਉਸਦਾ ਇਸਤੇਮਾਲ ਨਹੀਂ ਕਰ ਪਾਂਦੀ ਤੇ ਮੈਂਬਰ ਆਪਣੇ ਨਿੱਜੀ ਫਾਇਦੇ ਲਈ ਉਸਦਾ ਦੁਰਉਪਯੋਗ ਕਰਦੇ ਹਨ। ਇਸ ਕਮੇਟੀ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਕੋਈ ਵੀ ਅਸਥਾਨ ਜਾਂ ਬਿਲਡਿੰਗ ਜੋ ਕਮੇਟੀ ਕੋਲ ਹੈ, ਕਿਸੇ ਮੈਂਬਰ ਜਾਂ ਮੈਂਬਰਾਂ ਦੇ ਨਿੱਜੀ ਸੁਆਰਥ ਦੀ ਪੂਰਤੀ ਲਈ ਨਾ ਵਰਤੀ ਜਾ ਰਹੀ ਹੋਵੇ। ਇਹ ਕਮੇਟੀ ਕੈਰੀਅਰ ਗਾਈਡੈਂਸ ਸੈਂਟਰ ਵੀ ਖੋਲ੍ਹੇਗੀ ਤਾਂ ਕਿ ਬੱਚਿਆਂ ਨੂੰ ਆਪਣੇ ਜੀਵਨ ਵਿੱਚ ਅੱਗੇ ਵਧਣ ਲਈ ਸਹੀ ਸੇਧ ਦਿੱਤੀ ਜਾ ਸਕੇ। ਐਸੇ ਕਈ ਮਾਮਲੇ ਜੋ ਕੋਰਟਾਂ ਕਚੈਹਿਰੀਆਂ ਵਿੱਚ ਹਨ, ਵੀ ਇਸ ਕਮੇਟੀ ਦੁਆਰਾ ਆਰਬੀਟ੍ਰੇਸ਼ਨ ਰਾਹੀਂ ਹੱਲ ਕਰਵਾਏ ਜਾ ਸਕਦੇ ਹਨ। ਐਸੇ ਮਾਮਲੇ ਦਹੇਜ ਦੇ, ਤਲਾਕ ਦੇ ਜਾਂ ਘਰੇਲੂ ਝਗੜਿਆਂ ਦੇ ਹੋ ਸਕਦੇ ਹਨ। ਅੱਜਕੱਲ੍ਹ ਵਿਦੇਸ਼ ਵਿੱਚ ਵਿਆਹੀਆਂ ਜਾਣ ਵਾਲੀਆਂ ਕੁੜੀਆਂ ਤੇ ਉਹਨਾਂ ਦੀਆਂ ਸਮੱਸਿਆਵਾਂ ਦਾ ਮਸਲਾ ਵੀ ਗੰਭੀਰ ਹੋ ਗਿਆ ਹੈ। ਐਸ.ਜੀ.ਪੀ.ਸੀ. ਦੀ ਕੋਈ ਕਮੇਟੀ ਜਾਂ ਸੈੱਲ ਇਹੋ ਜਿਹੀਆਂ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਕੇ ਬਹੁਤ

सतिगुरु नानक प्रगटिआ मिटी धुंधु जगि चानण होआ॥
जिऊ करि सूरजु निकलिआ तारे छपे अंधेरु पलोआ॥

श्री गुरु नानक देव जी के 550वें प्रकाशोत्सव की सब लोगों कों बहुत-बहुत मुबारक। हमें खुशी है कि हम केस संभाल प्रचार संस्था के साथ जुड़ कर जीवन रिशमा के 75वें अंक को इस महानपर्व को समर्पित कर रहे हैं।



के. के. मेहन



सरला मेहन

फिर उठी आखिर सदा तोहीद की पंजाब से।
हिंद को एक मरद-ई-कामिल ने जगाईआ खवाब से। (इकबाल)

हिन्द को एक नई राह दिखाने वाले महान गुरु नानक देव जी के 550वीं वर्षगाठ के मौके पर जहां हम सब कों मुबारकबाद देते है। वहीं केस संभाल प्रचार संस्था का साथ देते हुए जीवन रिशमां के 75 वें अंक को इस महान पर्व को समर्पित करने की खुशी प्राप्त कर रहे हैं।



बी.पी. कटयाल



कांता कटयाल

# SENIOR CITIZEN HOME

J-70 B, Beri Wala Bagh, Subhash Nagar, New Delhi






*All the services provided are absolutely free which includes boarding, lodging, fooding, entertainment etc by* ***SKB foundation*** *with an intention of social services.*

*For more information, Please Contact :-*

**Mr. N.S. BHATIA** (Chairman)
**SKB FOUNDATION**
**MOB:- 9811153645**

**Mr. JAGJEET SINGH**
(Coordinator)
**MOB:- 9810148583**



**N.S Bhatia**
Managing Director

## UNIMARCK HEALTHCARE ltd.

**Fact. :**
**Plot No. 24,25 & 37, Sector 6A SIDCUL, Haridwar ( Uttarakhand)**

**Office :**
**S-49, Janta Market Rajouri Garden,New Delhi- 110027**
**Resi. : V-300 Rajouri Garden New Delhi-110027**




*Heartiest Greetings on the occasion of*
*550th Birth Anniversary of Sri Guru Nanak Dev Ji*
*and best wishes for Kes Sambhal Parchar Sanstha for*
*bringing out their 75th issue of Jeewan Rishma, dedicated to this occasion.*

**Preet Partap Singh**
**V-321, Rajouri Garden, New Delhi-110027 Mobile : 9810492972**

25 YEARS OF EXCELLENCE

Frankfinn
INSTITUTE OF AIR HOSTESS TRAINING
fly high

# WELCOME TO THE GOOD LIFE

# WELCOME TO THE SKY



WORLD'S NO.1 AIR HOSTESS TRAINING INSTITUTE

TO LIVE THE GOOD LIFE
CALL US AT: 1800 258 7332



- Winner of Best Air Hostess Training Institute Award (2011, 2012, 2013, 2014, 2015, 2016, 2017 & 2018)
- Gold Award Winner - 2016, 2017 & 2018 for Best Higher Vocational Institute for Skill Development'

AIR INDIA

ICM

Skill India

NSDC National Skill Development Corporation
Transforming the skill landscape

ਵੱਡਾ ਸਮਾਜਿਕ ਕੰਮ ਕਰ ਸਕਦਾ ਹੈ। ਇਸ ਤਰ੍ਹਾਂ ਹੀ ਸਿੱਖ ਜੁਆਨਾਂ ਨੂੰ ਚੰਗੀਆਂ ਕੰਪਨੀਆਂ 'ਚ ਖਾਸ ਕਰਕੇ ਵੱਡੇ ਅਮੀਰ ਸਿੱਖਾਂ ਦੀਆਂ ਕੰਪਨੀਆਂ ਵਿੱਚ ਲਗਵਾਣ ਵਿੱਚ ਮਦਦ ਕਰਨ ਦਾ ਕੰਮ ਜੁਆਨ ਬੱਚਿਆਂ ਨੂੰ ਧਰਮ ਨਾਲ ਜੋੜਣ ਵਿੱਚ ਬੜਾ ਸਹਾਈ ਹੋ ਸਕਦਾ ਹੈ।

## ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਸਕੱਤਰੇਤ

ਐਸ ਜੀ ਪੀ ਸੀ ਦੀ ਸਕਤਰੇਤ ਵਿਚ ਪ੍ਰੇਜੀਡੇਂਟ ਦੇ ਥੱਲੇ ਚੀਫ ਸੈਕਟਰੀ ਹੋਵੇਗਾ ਜਿਸ ਹੇਠਾਂ ਸਾਰੇ ਮਹਿਕਮੇ ਅਤੇ ਕਮੇਟੀਆਂ ਕੰਮ ਕਰਨਗੇ। ਸਟਾਫ ਲੋੜ ਅਨੁਸਾਰ ਰਖਿਆ ਜਾਏਗਾ। ਬਾਕੀ ਦੇ ਸੂਬਿਆਂ ਦੀਆਂ ਕਮੇਟੀਆਂ ਵੀ ਇਨ੍ਹਾਂ ਲੀਹਾਂ ਤੇ ਹੀ ਆਪਣੇ ਸਕਤਰੇਤ ਤੇ ਕਮੇਟੀਆਂ ਆਦਿ ਦਾ ਗਠਨ ਕਰ ਸਕਦੀਆਂ ਹਨ। ਪਰ ਇਹ ਗਠਨ ਕਰਦੇ ਸਮੇਂ ਲੋੜ ਤੇ ਘੱਟੋਂ ਘੱਟ ਖਰਚੇ ਕਰਨ ਨੂੰ ਮੁੱਖ ਰਖਿਆ ਜਾਏਗਾ।

ਕਈ ਕਮੇਟੀਆਂ ਦਾ ਸਾਈਜ ਬਹੁਤ ਛੋਟਾ ਹੋਵੇਗਾ ਭਾਵ ਕਿ ਉਸ ਵਿੱਚ ਮੈਂਬਰਾਂ ਦੀ ਗਿਣਤੀ ਘੱਟ ਹੋਵੇਗੀ। ਸੋ ਐਸੇ ਸੂਬਿਆਂ ਦੀਆਂ ਕਮੇਟੀਆਂ ਆਪਣੇ ਖਰਚੇ ਨੂੰ ਸੀਮਤ ਰੱਖਣਗੀਆਂ ਤੇ ਉਹੀ ਸਟਾਫ ਜਾਂ ਕਮੇਟੀ ਦਾ ਗਠਨ ਕਰਨਗੀਆਂ ਜਿੰਨ੍ਹਾਂ ਦੀ ਸੱਚਮੁਚ ਲੋੜ ਹੈ। ਇੱਥੇ ਇਕ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਕਿ ਅਗਰ ਕਿਸੇ ਕਮੇਟੀ ਦੇ ਇਲਾਕੇ ਵਿੱਚ ਕੋਈ ਇਤਿਹਾਸਿਕ ਗੁਰਦਵਾਰਾ ਨਹੀਂ ਹੈ ਤੇ ਉਸਦਾ ਗਠਨ ਇਸ ਆਧਾਰ 'ਤੇ ਕੀਤਾ ਗਿਆ ਹੈ ਕਿ ਉਥੇ ਸਿੱਖਾਂ ਦੀ ਗਿਣਤੀ ਚੋਖੀ ਹੈ ਤਾਂ ਐਸੀ ਸੂਬਾਈ ਪ੍ਰਬੰਧਕ ਕਮੇਟੀ ਦੇ ਮੁੱਖ ਕੰਮ ਉਥੋਂ ਦੇ ਸਿੱਖਾਂ ਦੇ ਸਮਾਜਿਕ, ਆਰਥਿਕ ਤੇ ਸੱਭਿਆਚਾਰਕ ਹਿੱਤਾਂ ਦੀ ਰੱਖਿਆ ਕਰਨਾ ਹੋਵੇਗਾ। ਸੋ ਐਸੀ ਕਮੇਟੀ ਲਈ ਜ਼ਰੂਰੀ ਹੋਵੇਗਾ ਕਿ ਉਹ ਇਹੋ ਜਿਹੇ ਯੂਨਿਟ ਸਥਾਪਿਤ ਕਰਕੇ ਅਲੱਗ ਅਲੱਗ ਹਿੱਤਾਂ ਦੀ ਤਰੱਕੀ ਲਈ ਕੰਮ ਕਰੇ।

## ਐਸ.ਜੀ.ਪੀ.ਸੀ. ਸ਼੍ਰੋਮਣੀ ਕਿਉਂ?

ਕੁਝ ਕਮੇਟੀਆਂ ਜਾਂ ਵਿਅਕਤੀ ਇਹ ਸੁਆਲ ਉਠਾ ਸਕਦੇ ਹਨ ਕਿ ਜਦ ਸਭ ਕਮੇਟੀਆਂ ਇਕੋ ਜਿਹੀਆਂ ਹਨ ਤਦ ਐਸ. ਜੀ.ਪੀ.ਸੀ. ਨੂੰ ਜ਼ਿਆਦਾ ਪਾਵਰਜ਼ ਕਿਉਂ ਦਿੱਤੀਆਂ ਗਈਆਂ ਹਨ। ਜਿਸ ਤਰ੍ਹਾਂ ਉਤੇ ਦੱਸਿਆ ਜਾ ਚੁੱਕਾ ਹੈ ਕਿ ਇਸ ਕਮੇਟੀ ਨੇ ਸ਼੍ਰੋਮਣੀ ਕਮੇਟੀ ਹੋਣ ਦਾ ਫਰਜ਼ ਅਦਾ ਕਰਨਾ ਹੈ। ਇਸਦਾ ਸ਼੍ਰੋਮਣੀ ਹੋਣਾ ਇਸ ਲਈ ਲਾਜ਼ਮੀ ਹੈ ਕਿਉਂਕਿ ਇਹ ਸਭ ਤੋਂ ਪਹਿਲਾਂ ਹੋਂਦ ਵਿੱਚ ਆਈ ਤੇ ਪੰਜਾਬ ਵਿੱਚ ਸਿੱਖਾਂ ਦੀ ਗਿਣਤੀ ਦੁਨੀਆਂ ਦੇ ਹੋਰ ਹਿੱਸਿਆਂ ਨਾਲੋਂ ਜ਼ਿਆਦਾ ਹੋਣ ਕਰਕੇ, ਬਹੁਤ ਸਾਰੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਵਿੱਚ ਮੈਂਬਰਾਂ ਦੀ ਗਿਣਤੀ ਜ਼ਿਆਦਾ ਹੈ, ਇਸ ਕੋਲ ਇਤਿਹਾਸਿਕ ਗੁਰਦੁਆਰੇ ਜ਼ਿਆਦਾ ਹਨ ਤੇ ਇਸ ਕੋਲ ਆਮਦਨੀ ਦੇ ਸਾਧਨ ਵੀ ਜ਼ਿਆਦਾ ਹਨ। ਪੰਜਾਬ ਸਰਕਾਰ ਵਿੱਚ, ਭਾਵੇਂ ਕਿਸੇ ਵੀ ਪਾਰਟੀ ਦਾ ਰਾਜ ਹੋਵੇ, ਸਿੱਖਾਂ ਦੀ ਬਹੁ-ਗਿਣਤੀ ਕਰਕੇ ਇਹ ਕਮੇਟੀ ਰਾਜਨੀਤਿਕ ਤੌਰ 'ਤੇ ਵੀ ਜ਼ਿਆਦਾ ਤਾਕਤ ਰੱਖਦੀ ਹੈ। ਪੰਜਾਬ ਵਿੱਚ ਜ਼ਿਆਦਾ ਸਿੱਖ ਅਫਸਰ ਹਨ, ਵਿਦਵਾਨਾਂ ਦੀ ਗਿਣਤੀ ਜ਼ਿਆਦਾ ਹੈ ਅਤੇ ਹੋਰ ਖੇਤਰਾਂ ਵਿੱਚ ਵੀ ਮੱਲਾਂ ਮਾਰਨ ਵਾਲੇ ਸਿੱਖ ਜ਼ਿਆਦਾ ਹਨ। ਸੋ ਇਸ ਕਰਕੇ ਇਸ ਕਮੇਟੀ ਦਾ ਅਦਾਰਾ ਵੱਡਾ ਹੈ ਤੇ ਉਹ ਜ਼ਿਆਦਾ ਸਿੱਖਾਂ ਨੂੰ ਲੈ ਕੇ ਹੋਰ ਕਮੇਟੀਆਂ ਦੇ ਮੁਕਾਬਲੇ ਵਿੱਚ ਬਹੁਤ ਜ਼ਿਆਦਾ ਕੰਮ ਕਰ ਸਕਦੀ ਹੈ। ਉਸਦੀ ਕਾਰਜ ਸ਼ਮਤਾ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਸ਼੍ਰੋਮਣੀ ਦਰਜਾ ਦਿੱਤਾ ਗਿਆ ਹੈ ਅਤੇ ਉਸਦਾ ਕਾਰਜ ਖੇਤਰ ਹੋਰਾਂ ਦੇ ਮੁਕਾਬਲੇ ਵਿੱਚ ਵੱਡਾ ਰੱਖਿਆ ਗਿਆ ਹੈ। ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਸ.ਡੀ.ਪੀ.ਐਸ. ਲਈ ਯੂ.ਪੀ.ਐਸ.ਸੀ. ਦਾ ਕੰਮ ਕਰਨਾ ਹੈ ਉਥੇ ਹੀ ਉਸ ਨੇ ਉਸ ਸੇਵਾ ਲਈ ਮਨਿਸਟਰੀ ਦਾ ਤੇ ਇੰਪਲਾਇਰ ਦੀ ਭੂਮਿਕਾ ਵੀ ਨਿਭਾਉਣੀ ਹੈ। ਐਸ.ਜੀ.ਪੀ.ਸੀ ਦਾ ਇਹ ਕੰਮ ਉਸ ਵੱਲੋਂ ਗਠਿਤ ਕੀਤੀ ਗਈ ਕਮੇਟੀ ਜਿਸਦਾ ਨਾਮ ਅਸੀਂ ਐਸ.ਡੀ.ਪੀ.ਐਸ. ਕਮਿਸ਼ਨ ਰੱਖਿਆ ਹੈ, ਕਰੇਗੀ।

ਇਸ ਤਰ੍ਹਾਂ ਹੀ ਇਸ ਕਮੇਟੀ ਨੇ ਜੋ ਦੂਜੀਆਂ ਕਮੇਟੀਆਂ ਨਾਲ ਸਬੰਧਿਤ ਕੰਮ ਕਰਨੇ ਹਨ ਜਾਂ ਤਖਤਾਂ ਨਾਲ ਤਾਲਮੇਲ ਰੱਖਣਾ ਹੈ ਜਾਂ ਕੋਈ ਨੀਤੀਆਂ ਜਾਂ

ਰੂਲ ਬਣਾਉਣੇ ਹਨ ਤਾਂ ਉਹ ਕੰਮ ਉਸਦੀ ਐਗਜੈਕਟਿਵ ਕਮੇਟੀ ਨੇ ਕਰਨੇ ਹਨ। ਇਥੇ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਕਿਹੜਾ ਕੰਮ ਕਿਹੜੀ ਕਮੇਟੀ ਨੇ ਕਰਨਾ ਹੈ, ਇਸਦਾ ਫੈਸਲਾਂ ਵੀ ਐਗਜੈਕਟਿਵ ਨੇ ਹੀ ਕਰਨਾ ਹੈ। ਅਗਰ ਕੋਈ ਕੰਮ ਕਿਸੇ ਹੋਰ ਕਮੇਟੀ ਦੇ ਕਾਰਜ ਖੇਤਰ ਵਿੱਚ ਨਹੀਂ ਆਉਂਦਾ ਤਾਂ ਉਹ ਕੰਮ ਵੀ ਐਗਜੈਕਟਿਵ ਨੇ ਹੀ ਕਰਨਾ ਹੈ। ਭਾਵ ਐਗਜੈਕਟਿਵ ਕਮੇਟੀ ਇਕ ਕਿਸਮ ਦੀ ਐਸ.ਜੀ.ਪੀ.ਸੀ. ਦੀ ਕੈਬਨਿਟ ਹੈ। ਪਰ ਕੈਬਨਿਟ ਵਾਂਗ ਇਸ ਨੇ ਵੀ ਜੋ ਫੈਸਲੇ ਲੈਣੇ ਹਨ ਉਹਨਾਂ ਨੂੰ ਜਨਰਲ ਹਾਊਸ ਵਿਚ ਪੇਸ਼ ਜ਼ਰੂਰ ਕਰਨਾ ਪਵੇਗਾ। ਅਗਰ ਜਨਰਲ ਹਾਊਸ ਚਾਹੁੰਦਾ ਹੈ ਕਿ ਕਿਸੇ ਮੁੱਦੇ ਤੇ ਬਹਿਸ ਹੋਵੇ ਜਾਂ ਮੁੜ ਵਿਚਾਰ ਕੀਤਾ ਜਾਵੇ ਤਾਂ ਐਗਜੈਕਟਿਵ ਦੇ ਮੈਂਬਰਾਂ ਤੋਂ ਇਲਾਵਾ ਹੋਰ ਕੋਈ ਘੱਟੋ ਘੱਟ ਮੈਂਬਰਾਂ ਦੀ ਕੁੱਲ ਗਿਣਤੀ ਦਾ ਤੀਸਰਾ ਹਿੱਸਾ ਪ੍ਰਧਾਨ ਨੂੰ ਲਿਖਤ ਰੂਪ ਵਿੱਚ ਆਪਣੀ ਮੰਗ ਦੇਣਗੇ ਅਤੇ ਉਹਨਾਂ ਦੀ ਇਸ ਮੰਗ ਨੂੰ ਸਵੀਕਾਰ ਕਰਦੇ ਹੋਏ ਉਸ ਮੁੱਦੇ ਤੇ ਬਹਿਸ ਜਾਂ ਵਿਚਾਰ ਹੋਵੇਗੀ। ਜ਼ਰੂਰਤ ਪਵੇ ਤਾਂ ਮਤਾ ਪਾਸ ਕਰਨ ਲਈ ਵੋਟਿੰਗ ਵੀ ਕਰਵਾਈ ਜਾ ਸਕਦੀ ਹੈ। ਮਿਸਾਲ ਦੇ ਤੌਰ ਤੇ ਐਗਜੈਕਟਿਵ ਦੇ ਮੈਂਬਰਾਂ ਨੂੰ ਛੱਡ ਕੇ ਅਗਰ ਐਸ.ਜੀ.ਪੀ.ਸੀ. ਦੇ ਮੈਂਬਰਾਂ ਦੀ ਗਿਣਤੀ 150 ਹੈ ਤੇ ਉਹਨਾਂ ਵਿਚੋਂ 50 ਮੈਂਬਰ ਦਸਤਖਤ ਕਰਕੇ ਪ੍ਰਧਾਨ ਨੂੰ ਕਿਸੇ ਮਤੇ ਤੇ ਬਹਿਸ ਕਰਨ ਲਈ ਜਾਂ ਵਿਚਾਰ ਕਰਨ ਲਈ ਬੇਨਤੀ ਕਰਦੇ ਹਨ ਤਾਂ ਜਨਰਲ ਹਾਊਸ ਵਿੱਚ ਉਸ ਮੁੱਦੇ ਨੂੰ ਵਿਚਾਰਿਆ ਜਾਵੇਗਾ। ਅਗਰ ਪਾਸ ਕਰਨ ਲਈ ਵੋਟਿੰਗ ਦੀ ਜ਼ਰੂਰਤ ਪਵੇ ਤਾਂ 150 ਵਿਚੋਂ 76 ਮੈਂਬਰ ਉਸਦੇ ਹੱਕ ਵਿੱਚ ਹੋਣੇ ਜ਼ਰੂਰੀ ਹਨ ਤਾਂ ਹੀ ਉਸ ਅਨੁਰੂਪ ਮਤਾ ਪਾਸ ਹੋਵੇਗਾ। ਅਗਰ ਵੋਟਿੰਗ ਕਰਨ ਵੇਲੇ ਗਿਣਤੀ ਘੱਟ ਹੋਵੇ ਤਾਂ ਉਸਦੇ ਅੱਧੇ ਮੈਂਬਰਾਂ ਤੋਂ ਇਕ ਮੈਂਬਰ ਜ਼ਿਆਦਾ ਮਤੇ ਦੇ ਹੱਕ ਵਿਚ ਹੋਣੇ ਚਾਹੀਦੇ ਹਨ। ਇੱਥੇ ਇਕ ਵਾਰੀ ਫਿਰ ਸਪੱਸ਼ਟ ਕਰ ਦਈਏ ਕਿ ਇਸ ਪੱਖੋਂ ਵੀ ਜੋ ਨਿਯਮ ਬਣਾਏ ਜਾਣੇ ਹਨ ਉਹ ਐਗਜੈਕਟਿਵ ਨੇ ਹੀ ਬਣਾਉਣੇ ਹਨ। ਸੋ ਅਗਰ ਨਿਯਮਾਂ ਤੇ ਕੋਈ ਬਹਿਸ ਹੋਵੇ ਤਾਂ ਉਹ ਨਿਯਮ ਵੀ ਜਨਰਲ ਹਾਊਸ ਦੀ ਮਿਜਉਰਿਟੀ ਜਾਂ ਰਜਾਮੰਦੀ ਨਾਲ ਹੀ ਬਣਨਗੇ।

## ਐਸ ਜੀ ਪੀ ਸੀ ਦਾ ਹਾਲ ਵਿੱਚ ਲਿਆ ਫੈਸਲਾ

ਪਿਛੇ ਜਿਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਉਹ ਰਿਟਾਇਰਡ ਸਿੱਖ ਅਫਸਰਾਂ ਨੂੰ ਐਡਮਿਨਿਸਟ੍ਰੇਸ਼ਨ ਵਿਚ ਲੈਣਗੇ ਜਿਵੇਂ ਕਿ ਰਿਟਾਇਰਡ ਪ੍ਰਿੰਸੀਪਲ, ਐਜੁਕੇਸ਼ਨ ਡਾਇਰੈਕਟਰ ਦੇਸ਼ ਤੌਰ 'ਤੇ, ਰਿਟਾਇਰਡ ਸੈਨਾ ਦੇ ਅਫਸਰ ਸਿਕਉਰਟੀ ਡਾਇਰੈਕਟਰ ਦੇ ਤੌਰ 'ਤੇ, ਚਾਰਟਰਡ ਐਕਾਉਂਟੇਂਟ ਫਾਈਨੇਂਡਸ ਡਾਇਰੈਕਟਰ ਦੇ ਤੌਰ ਤੇ, ਸੀਨੀਅਰ ਇੰਜੀਨੀਅਰ ਬਿਲਡਿੰਗ ਡਾਇਰੈਕਟਰ ਦੇ ਤੌਰ ਤੇ, ਤੇ ਸੱਭ ਤੋਂ ਉਤੇ ਚੀਫ ਸਕਤਰ ਜੋ ਕਿ ਰਿਟਾਇਰਡ ਆਈ ਏ ਐਸ ਜਾਂ ਪੀ ਸੀ ਐਸ ਅਫਸਰਾਂ ਵਿਚੋਂ ਹੋਵੇਗਾ। ਕਮੇਟੀ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾ ਯੋਗ ਹੈ। ਇਹ ਜਿੱਥੇ ਲਾਇਕ ਸਿੱਖ ਅਫਸਰਾਂ ਨੂੰ ਰਿਟਾਇਰਡ ਜ਼ਿੰਦਗੀ ਵਿਚ ਰੋਜ਼ੀ ਦੇਵੇਗਾ ਉਥੇ ਹੀ ਉਨ੍ਹਾਂ ਦੀ ਲਿਆਕਤ ਤੇ ਤਜ਼ਰਬੇ ਦਾ ਪੂਰਾ ਫਾਇਦਾ ਉਠਾਂਦੇ ਹੋਏ ਐਡਮਿਨਿਸਟ੍ਰੇਸ਼ਨ ਨੂੰ ਸੁੱਚਜਤਾ ਤੇ ਮਜਬੂਤੀ ਪ੍ਰਦਾਨ ਕਰੇਗਾ। ਇਹ ਕਦਮ ਸਾਡੇ ਢਾਂਚੇ ਦੇ ਅਨੁਕੂਲ ਹੈ ਸੋ ਅਗਰ ਇਹ ਸਿਰੇ ਚੜ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਮੇਜ ਵਿੱਚ ਸੁਧਾਰ ਤੇ ਨਿਖਾਰ ਆਵੇਗਾ। ਜ਼ਰੂਰਤ ਸਿਰਫ ਐਸੇ ਲੋਕਾਂ ਨੂੰ ਵਿੱਚ ਲਿਆਉਣ ਦੀ ਨਹੀਂ ਬਲਕਿ ਉਨ੍ਹਾਂ ਨੂੰ ਕੰਮ ਕਰਨ ਦੀ ਆਜ਼ਾਦੀ ਦੇ ਕੇ ਐਡਮਿਨਿਸਟ੍ਰੇਸ਼ਨ ਵਿਚ ਸੁਧਾਰ ਲਿਆਉਣ ਦੀ ਹੈ। ਜੇ ਉਨ੍ਹਾਂ ਦੇ ਕੰਮ ਵਿੱਚ ਦਖਲ ਅੰਦਾਜੀ ਹੁੰਦੀ ਰਹੀ ਜਾਂ ਉਨ੍ਹਾਂ ਨੂੰ ਸਿਰਫ ਯੇਸ ਮੈਨ ਬਣਾ ਕੇ ਰਖਿਆ ਗਿਆ ਤਾਂ ਫਿਰ ਸਵਾਇ ਖਰਚਾ ਵਧਾਉਣ ਦੇ ਹੋਰ ਕੋਈ ਫਾਇਦਾ ਨਹੀਂ ਹੋਣ ਲੱਗਾ।

## ਕਾਰ ਸੇਵਾ ਠੇਕਾ ਨਹੀਂ ਨਿਸ਼ਕਾਮ ਸੇਵਾ ਹੈ

ਸਿੱਖ ਧਰਮ ਵਿਚ ਕਾਰਸੇਵਾ ਦਾ ਸੰਕਲਪ ਅਨੋਖਾ ਹੈ। ਕਾਰਸੇਵਾ ਤੋਂ ਭਾਵ ਹੈ ਸਰੀਰਕ ਉੱਦਮ

ਰਾਹੀਂ ਸੇਵਾ ਕਰਨਾ। ਇਹ ਸੰਕਲਪ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀਆਂ ਉਦਾਸੀਆਂ ਦੌਰਾਨ ਸ਼ਰਧਾਲੂਆਂ ਤੋਂ ਲੋਕ ਹਿਤ ਦੇ ਕਾਰਜਾਂ ਨੂੰ ਸੰਪੰਨ ਕਰਾਉਣ ਲਈ ਸ਼ੁਰੂ ਕੀਤਾ ਸੀ। ਜਦ ਆਪ ਕਰਤਾਰਪੁਰ ਸਾਹਿਬ ਰਹੇ ਤਦ ਵੀ ਆਪਣੇ ਅਨੁਯਾਈਆ ਨੂੰ ਸੇਵਾ ਲਈ ਉਤਸਾਹਿਤ ਕਰਦੇ ਰਹੇ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਦੀ ਬਾਉਲੀ ਬਨਾਉਣ ਸਮੇਂ ਵੀ ਕਾਰਸੇਵਾ ਦੀ ਵਿਧੀ ਅਪਨਾਈ। ਬਾਅਦ ਵਿੱਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਦੀ ਕਾਰਸੇਵਾ ਹੋਈ ਅਤੇ ਜਦ ਜਦ ਇਸ ਅਸਥਾਨ ਦੀ ਬੇਅਦਬੀ ਕੀਤੀ ਗਈ ਬਾਅਦ ਵਿੱਚ ਸੰਗਤਾਂ ਨੇ ਫਿਰ ਕਾਰਸੇਵਾ ਰਾਹੀਂ ਇਸ ਨੂੰ ਪਹਿਲੇ ਵਾਲੀ ਸਥਿਤੀ ਵਿੱਚ ਲਿਆਂਦਾ। ਵੀਹਵੀਂ ਸਦੀ ਵਿੱਚ 17 ਜੂਨ 1923 ਨੂੰ ਪਹਿਲੀ ਵਾਰ ਸਰੋਵਰ ਦੀ ਕਾਰ ਸੇਵਾ ਕੀਤੀ ਗਈ। ਉਸਤੋਂ 50 ਵਰ੍ਹੇ ਬਾਅਦ ਜਦ 31 ਮਾਰਚ, 1973 ਨੂੰ ਫਿਰ ਇਹ ਸੇਵਾ ਕੀਤੀ ਗਈ ਤਾਂ 10 ਲੱਖ ਲੋਕਾਂ ਨੇ ਇਸ ਵਿਚ ਹਿੱਸਾ ਲਿਆ। 25 ਮਾਰਚ 2004 ਨੂੰ ਫਿਰ ਐਸੀ ਸੇਵਾ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੇ ਆਪਣਾ ਯੋਗਦਾਨ ਪਾਇਆ। ਹੁਣ ਕਈ ਧਰਮ ਅਸਥਾਨਾਂ ਤੇ ਕਈ ਸੰਸਥਾਵਾਂ ਦੁਆਰਾ ਕਾਰਸੇਵਾ ਦੇ ਨਾਮ ਤੇ ਕੰਮ ਹੋ ਰਹੇ ਹਨ। ਪਰ ਸੁਣਨ ਵਿੱਚ ਆਇਆ ਹੈ ਕਿ ਇਹਨਾਂ ਵਿੱਚੋਂ ਕੁੱਝ ਲੋਕ ਜਾਂ ਕੰਮ ਐਸੇ ਵੀ ਹਨ ਜੋ ਕਾਰਸੇਵਾ ਦੀ ਭਾਵਨਾ ਨੂੰ ਨਹੀਂ ਪ੍ਰਗਟਾਉਂਦੇ। ਲੋਕਾਂ ਤੋਂ ਪੈਸੇ ਇਕੱਠੇ ਕਰਕੇ ਜਾਂ ਸਮਾਨ ਮੰਗਵਾ ਕੇ ਉਸਨੂੰ ਠੀਕ ਢੰਗ ਨਾਲ ਇਸਤੇਮਾਲ ਨਹੀਂ ਕੀਤਾ ਜਾ ਰਿਹਾ। ਵਾਹਿਗੁਰੂ ਕਰੇ ਕਿ ਇਹ ਗੱਲ ਗਲਤ ਹੋਵੇ ਪਰ ਸੁਣਨ ਵਿੱਚ ਇਹ ਵੀ ਆਇਆ ਹੈ ਕਿ ਕਾਰਸੇਵਾ ਦੇ ਠੇਕੇ ਦਿੱਤੇ ਜਾਂਦੇ ਹਨ। ਐਸੀ ਵਿਧੀ ਕਾਰਸੇਵਾ ਦੇ ਸੰਕਲਪ ਦਾ ਅਨੁਸਰਨ ਨਹੀਂ ਕਰਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਕਮੇਟੀਆਂ ਜਿੰਨ੍ਹਾਂ ਦੀ ਦੇਖਰੇਖ ਵਿੱਚ ਕਾਰਸੇਵਾ ਹੋਣੀ ਹੈ, ਉਹਨਾਂ ਨੂੰ ਇਹ ਨਿਸਚਿਤ ਕਰ ਲੈਣਾ ਚਾਹੀਦਾ ਹੈ ਕਿ ਜੋ ਲੋਕ ਕਾਰਸੇਵਾ ਕਰਨ ਤੇ ਲੋਕਾਂ ਤੋਂ ਕਰਵਾਉਣ ਦਾ ਬੀੜਾ ਚੁੱਕ ਰਹੇ ਹਨ ਉਹਨਾਂ ਦੀ ਭਾਵਨਾ ਕਿਸ ਤਰ੍ਹਾਂ ਦੀ ਹੈ। ਅਗਰ ਉਹ ਭਾਵਨਾ ਸੱਚੀ ਹੈ ਤਾਂ ਫਿਰ ਉਸ ਨੂੰ ਪੂਰੇ ਸਿਸਟਮ ਦੇ ਅਨੁਸਾਰ ਕਰਨਾ ਚਾਹੀਦਾ ਹੈ। ਇਸ ਪੱਖੋਂ ਜੋ ਵੀ ਪੈਸਾ ਇਕੱਠਾ ਹੁੰਦਾ ਹੈ ਹਰ ਹਫਤੇ ਸਬੰਧਤ ਗੋਲਕਾਂ ਖੋਲ੍ਹ ਕੇ 5 ਵਿਅਕਤੀਆਂ ਦੀ ਹਾਜ਼ਰੀ ਵਿੱਚ ਉਸਦਾ ਪੂਰਾ ਲੇਖਾ-ਜੋਖਾ ਹੋਣਾ ਚਾਹੀਦਾ ਹੈ। ਉਹਨਾਂ ਪੰਜ ਵਿਅਕਤੀਆਂ ਵਿੱਚ ਜਿੱਥੇ ਇੱਕ ਕਾਰਸੇਵਾ ਇੰਚਾਰਜ ਹੋਵੇ ਜਾਂ ਉਸ ਦਾ ਕੋਈ ਨੁਮਾਇੰਦਾ, ਉਥੇ ਦੋ ਵਿਅਕਤੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਣੇ ਚਾਹੀਦੇ ਹਨ। ਹੋਰ ਦੋ ਵਿਅਕਤੀ ਸਮਾਜ ਵਿਚੋਂ ਸਨਮਾਨਤ ਵਿਅਕਤੀ ਲੈਣੇ ਚਾਹੀਦੇ ਹਨ ਤੇ ਪੂਰਾ ਹਿਸਾਬ ਲਿਖਣ ਤੋਂ ਬਾਅਦ ਉਹਨਾਂ ਪੰਜਾਂ ਵਿਅਕਤੀਆਂ ਦੇ ਦਸਤਖਤ ਹੋਣੇ ਚਾਹੀਦੇ ਹਨ। ਇਹ ਹਿਸਾਬ ਕਮੇਟੀ ਦੇ ਹਿਸਾਬ ਵਿੱਚ ਜੁੜਨਾਂ ਚਾਹੀਦਾ ਹੈ ਤੇ ਇਸ ਵਿਚੋਂ ਦਸਵੰਧ ਰੱਖ ਕੇ ਕਮੇਟੀ ਕਾਰਸੇਵਾ ਵਾਲਿਆਂ ਨੂੰ ਖਰਚਾ ਕਰਨ ਲਈ ਬਾਕੀ ਦੀ ਰਕਮ ਦੇ ਸਕਦੀ ਹੈ। ਜਿਹੜੇ 4 ਵਿਅਕਤੀ ਕਾਰਸੇਵਾ ਪ੍ਰਮੁੱਖ ਤੋਂ ਇਲਾਵਾ ਗੋਲਕਾਂ ਖੋਲ੍ਹਣ ਵੇਲੇ ਦਸਤਖਤ ਕਰਨ ਲਈ ਜੋੜਨੇ ਹਨ ਉਹ ਸਮੇਂ ਸਮੇਂ ਸਿਰ ਬਦਲਦੇ ਰਹਿਣਾ ਚਾਹੀਦਾ ਹੈ। ਜਿਵੇਂ ਕਿ 3 ਮਹੀਨੇ ਲਈ ਜੋ ਦੋ ਮੈਂਬਰ ਕਮੇਟੀ ਦੇ ਹਨ, ਅਗਲੇ 3 ਮਹੀਨੇ ਹੋਰ ਦੋ ਮੈਂਬਰਾਂ ਦੀ ਡਿਊਟੀ ਲੱਗਣੀ ਚਾਹੀਦੀ ਹੈ। ਇਸ ਤਰ੍ਹਾਂ ਹੀ ਸਮਾਜ ਵਿਚੋਂ ਜੋ ਸਨਮਾਨਤ ਵਿਅਕਤੀ ਲੈਣੇ ਹਨ ਉਹ ਵੀ ਕੁਝ ਸਮੇਂ ਬਾਅਦ ਬਦਲਦੇ ਰਹਿਣਾ ਚਾਹੀਦਾ ਹੈ। ਕਾਰਸੇਵਾ ਦੇ ਇੰਚਾਰਜ ਖਰਚੇ ਕਰਨ ਤੋਂ ਬਾਅਦ ਹਰ ਮਹੀਨੇ ਜਾਂ ਤਿੰਨ ਮਹੀਨੇ ਬਾਅਦ (ਮਿੱਥਿਆ ਹੋਇਆ ਸਮਾਂ) ਖਰਚਿਆਂ ਦਾ ਵੇਰਵਾ ਤੇ ਵੋਚਰਜ਼ ਪ੍ਰਬੰਧਕ ਕਮੇਟੀ ਨੂੰ ਦੇ ਸਕਦੇ ਹਨ। ਜਿੰਨ੍ਹਾਂ ਨੂੰ ਕਮੇਟੀ ਆਪਣੇ ਹਿਸਾਬ ਵਿੱਚ ਖਰਚਿਆਂ ਵਜੋਂ ਜੋੜ ਸਕਦੀ ਹੈ। ਕਮੇਟੀ ਜੋ 10% ਕਾਰਸੇਵਾ ਦੇ ਚੜ੍ਹਾਵੇ ਵਿਚੋਂ ਰੱਖੇਗੀ ਉਹ ਉਸ ਰਾਸ਼ੀ ਵਿੱਚ ਸ਼ਾਮਲ ਹੋਵੇਗਾ ਜਿਸਦਾ 20% ਉਸਨੇ ਸੀ.ਐਫ.ੳ.ਐਸ. ਵਿੱਚ ਦੇਣਾ ਹੈ।

## ਹੋਰ ਠੇਕਿਆਂ ਦਾ ਹਿਸਾਬ

ਜਿਸ ਤਰ੍ਹਾਂ ਕਾਰਸੇਵਾ ਲਈ ਹਿਸਾਬ-ਕਿਤਾਬ

ਰੱਖਿਆ ਜਾ ਸਕਦਾ ਹੈ ਉਸ ਤਰ੍ਹਾਂ ਹੀ ਹੋਰ ਠੇਕੇ ਦੇਣ ਵੇਲੇ ਵੀ ਪੂਰੇ ਸਿਸਟਮ ਅਨੁਸਾਰ ਹਿਸਾਬ-ਕਿਤਾਬ ਰੱਖਿਆ ਜਾ ਸਕਦਾ ਹੈ ਜਿਸ ਕੰਮ ਲਈ ਵੀ ਠੇਕਾ ਦੇਣਾ ਹੋਵੇ ਸਬੰਧਤ ਕਮੇਟੀ ਉਸ ਲਈ ਟੈਂਡਰ ਮੰਗਵਾ ਸਕਦੀ ਹੈ ਤੇ ਫਿਰ ਸਭ ਤੋਂ ਘੱਟ ਟੈਂਡਰ ਵਾਲੇ ਵਿਅਕਤੀ ਨੂੰ ਉਸਦੇ ਕੰਮ ਦੀ ਕੁਆਲਿਟੀ ਨੂੰ ਦੇਖਦੇ ਹੋਏ ਠੇਕਾ ਦਿੱਤਾ ਜਾ ਸਕਦਾ ਹੈ। ਪਰੋਸੀਜ਼ਰ ਨੂੰ ਇਸ ਤਰ੍ਹਾਂ ਮੰਨਿਆ ਜਾਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਉਸਤੇ ਕਿੰਤੂ ਪ੍ਰੰਤੂ ਨਾ ਕਰ ਸਕੇ। ਅਗਰ ਕੋਈ ਪੂਰੀ ਕਾਰਵਾਈ ਦੀ ਫਾਈਲ ਦੇਖਣਾ ਚਾਹਵੇ ਤਾਂ ਉਸ ਨੂੰ ਇਸਦੇ ਵੇਰਵੇ ਦਿੱਤੇ ਤੇ ਦਿਖਾਏ ਜਾ ਸਕਣ। ਰਾਈਟ-ਟੂ-ਇਨਫਾਰਮੇਸ਼ਨ ਐਕਟ ਹਰ ਕਮੇਟੀ ਤੇ ਲੱਗਣਾ ਚਾਹੀਦਾ ਹੈ ਤੇ ਹਰ ਕਮੇਟੀ ਆਪਣੇ ਆਪ ਵਿੱਚ ਸੰਪੰਨ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਤੇ ਵੀ ਕਾਨੂੰਨੀ ਕਾਰਵਾਈ ਕਰ ਸਕੇ ਤੇ ਦੂਸਰਿਆਂ ਦੁਆਰਾ ਕੀਤੀ ਕਾਨੂੰਨੀ ਕਾਰਵਾਈ ਲਈ ਜਵਾਬਦੇਹ ਹੋਵੇ।

## ਤਖਤਾਂ ਦੇ ਜੱਥੇਦਾਰਾਂ ਦੀ ਚੋਣ ਕਿਸ ਤਰ੍ਹਾਂ ਹੋਵੇ

ਜਿਸ ਤਰ੍ਹਾਂ ਕਿ ਉਤੇ ਦੱਸਿਆ ਗਿਆ ਹੈ ਕਿ ਸਾਰੇ ਤਖਤਾਂ ਦੇ ਜਥੇਦਾਰਾਂ ਦਾ ਇਕ ਬੋਰਡ ਹੋਵੇਗਾ ਜੋ ਧਰਮ ਪ੍ਰਚਾਰ ਲਈ ਸਭ ਤੋਂ ਸ਼੍ਰੋਮਣੀ ਸੰਸਥਾ ਹੋਵੇਗੀ। ਇਸਦੇ ਮੈਂਬਰ 4 ਜਥੇਦਾਰ ਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਹੋਣਗੇ ਤੇ ਚੇਅਰਮੈਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਹੋਣਗੇ। ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ (ਜੋ ਐਸ.ਜੀ.ਪੀ.ਸੀ. ਦੁਆਰਾ ਨਿਯੁਕਤ ਕੀਤੇ ਜਾਂਦੇ ਹਨ ਕਿਉਂਕਿ ਸ੍ਰੀ ਹਰਿਮੰਦਰ ਸਾਹਿਬ ਐਸ.ਜੀ.ਪੀ.ਸੀ. ਦੇ ਕੰਟਰੋਲ ਹੇਠ ਹੈ) ਜਾਂ ਤਾਂ ਗ੍ਰੰਥੀਆਂ ਵਿਚੋਂ ਤਰੱਕੀ ਕਰਕੇ ਬਣਾਏ ਜਾਣਗੇ। ਜਾਂ ਉਹਨਾਂ ਦੀ ਚੋਣ ਐਡਵਾਈਜ਼ਰੀ ਕਮੇਟੀ ਐਸ.ਜੀ.ਪੀ.ਸੀ. ਦੀ ਸਲਾਹ ਨਾਲ ਕਰੇਗੀ। ਜਿੱਥੋਂ ਤੱਕ ਜਥੇਦਾਰਾਂ ਦੀ ਚੋਣ ਦਾ ਸੁਆਲ ਹੈ, ਸਾਡੇ ਮੱਤ ਅਨੁਸਾਰ ਸ੍ਰੀ ਹਜੂਰ ਸਾਹਿਬ ਦੇ ਜਥੇਦਾਰ ਦੀ ਚੋਣ ਮਹਾਰਾਸ਼ਟਰਾ, ਮੱਧ ਪ੍ਰਦੇਸ਼ ਤੇ ਦੱਖਣੀ ਭਾਰਤ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੁਆਰਾ ਕੀਤੀ ਜਾਵੇ। ਪਟਨਾ ਸਾਹਿਬ ਦੇ ਜਥੇਦਾਰ ਦੀ ਚੋਣ ਬਿਹਾਰ, ਵੈਸਟ ਬੰਗਾਲ ਤੇ ਈਸਟਰਨ ਸਟੇਟਸ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੁਆਰਾ ਹੋਵੇ। ਤਲਵੰਡੀ ਸਾਬੋ ਦੇ ਜੱਥੇਦਾਰ ਦੀ ਚੋਣ ਹਰਿਆਣਾ ਤੇ ਪੰਜਾਬ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਕਰਨ। ਅਨੰਦਪੁਰ ਸਾਹਿਬ ਦੇ ਜੱਥੇਦਾਰ ਦੀ ਚੋਣ ਦਿੱਲੀ, ਹਿਮਾਚਲ ਪ੍ਰਦੇਸ਼, ਉਤਰਾਂਚਲ ਅਤੇ ਉੱਤਰ ਪ੍ਰਦੇਸ਼ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਕਰਨ। ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਦੀ ਚੋਣ ਇਕ ਇਲੈਕਟ੍ਰਲ ਕਾਲਜ ਦੁਆਰਾ ਕੀਤੀ ਜਾਵੇ ਜਿਸ ਵਿਚ ਦੇਸ਼ ਦੀਆਂ ਸਾਰੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਵੋਟ ਪਾਉਣ। ਇਹ ਚੋਣ ਦੇਸ਼ ਦੇ ਪ੍ਰੈਜ਼ੀਡੈਂਟ ਦੀ ਚੋਣ ਵਰਗੀ ਹੋਣੀ ਚਾਹੀਦੀ ਹੈ। ਕਮੇਟੀਆਂ ਦੇ ਮੈਂਬਰਾਂ ਦੀ ਗਿਣਤੀ ਉਥੋਂ ਦੀ ਸਿੱਖਾਂ ਦੀ ਜਨ ਸੰਖਿਆ ਦੇ ਆਧਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

## ਜਥੇਦਾਰਾਂ ਲਈ ਯੋਗਤਾ ਤੇ ਹੋਰ ਸ਼ਰਤਾਂ

ਜੱਥੇਦਾਰ ਦੀ ਚੋਣ ਲੜਨ ਲਈ ਇਕ ਨਿਰਧਾਰਿਤ ਯੋਗਤਾ ਹੋਣੀ ਜ਼ਰੂਰੀ ਹੈ ਮਿਸਾਲ ਦੇ ਤੌਰ 'ਤੇ ਹਰ ਜੱਥੇਦਾਰ ਘੱਟ ਤੋਂ ਘੱਟ ਬੀ.ਏ. ਪਾਸ ਹੋਵੇ, ਅਤੇ ਉਸਨੇ ਸਿੱਖ ਧਰਮ ਬਾਰੇ ਡੂੰਘਾ ਅਧਿਐਨ ਕੀਤਾ ਹੋਵੇ। ਡੂੰਘੇ ਅਧਿਐਨ ਦੀ ਯੋਗਤਾ ਪਰਖਨ ਲਈ ਉਸਦੇ ਤਜ਼ਰਬੇ, ਉਸ ਦੁਆਰਾ ਲਿਖੀਆਂ ਰਚਨਾਵਾਂ ਜਾਂ ਪੁਸਤਕਾਂ ਜਾਂ ਉਸਦੀ ਹੋਰ ਵਿਦਿਅਕ ਯੋਗਤਾ ਜਿਵੇਂ ਕਿ ਐਮ.ਏ. ਸਿੱਖ ਰਿਲਿਜਨ ਆਦਿ ਤੇ ਵਿਚਾਰ ਕੀਤਾ ਜਾ ਸਕਦਾ ਹੈ। ਉਸਦੀ ਉਮਰ ਪੈਂਤੀ ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ, ਉਸਦਾ ਜੀਵਨ ਸਾਫ ਸੁਥਰਾ ਹੋਣਾ ਚਾਹੀਦਾ ਹੈ ਉਹ ਅੰਮ੍ਰਿਤਧਾਰੀ ਹੋਵੇ ਤੇ ਕਿਸੇ ਪ੍ਰਕਾਰ ਦੇ ਨਸ਼ੇ ਨਾ ਕਰਦਾ ਹੋਵੇ, ਉਸ ਤੇ ਕੋਈ ਇਲਜਾਮ ਐਸਾ ਨਾ ਲਗਿਆ ਹੋਵੇ ਜੋ ਉਸਦੇ ਚਰਿਤਰ ਨੂੰ ਗੰਦਲਾ ਕਰਦਾ ਹੋਵੇ। ਉਸ ਤੇ ਕੋਈ ਕੇਸ ਆਦਿ ਦਰਜ ਨਹੀਂ ਹੋਣਾ ਚਾਹੀਦਾ। ਉਸ ਦੇ ਪਰਿਵਾਰ ਜਿਸ ਵਿੱਚ ਉਸ ਦੇ ਵਿਹਾਏ ਹੋਏ ਧੀਆਂ ਪੁੱਤਰ ਵੀ ਸ਼ਾਮਿਲ ਹਨ ਵਿੱਚ ਕੋਈ ਪਤਿਤ ਨਾ ਹੋਵੇ। ਜੋ ਵੀ ਇਸ ਪੱਖੋਂ ਚੋਣ ਲੜਨਾ ਚਾਹੇ ਉਹ ਸਾਰਾ ਬਾਓਡਾਟਾ ਉਥੋਂ ਦੀ ਕਮੇਟੀ ਜਿਨ੍ਹਾਂ ਨੇ ਚੋਣ ਕਰਨੀ ਹੈ ਉਸਦੇ ਘੱਟੋਂ ਘੱਟ

ਪੰਜ ਮੈਂਬਰਾਂ ਤੋਂ ਰਿਕਮੈਂਡ ਕਰਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜੇ।

## ਚੋਣ ਕਿਸ ਤਰ੍ਹਾਂ ਹੋਵੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੇਕਟਿਵ ਉਸ ਦੀਆਂ ਯੋਗਤਾਵਾਂ ਤੇ ਪਾਰਿਵਾਰਿਕ ਬੈਕ ਗਰਾਉਂਡ ਨੂੰ ਦੇਖ ਕੇ ਉਸ ਨੂੰ ਚੋਣ ਲੜਨ ਦੀ ਇਜਾਜ਼ਤ ਦੇਵੇ। ਚੋਣ ਸੀਕਰੇਟ ਬੈਲਟ ਰਾਹੀਂ ਹੋਣੀ ਚਾਹੀਦੀ ਹੈ ਤੇ ਇਸ ਚੋਣ ਦਾ ਨਤੀਜਾ ਵੋਟਾਂ ਦੀ ਗਿਣਤੀ ਦੇ ਬਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਹੀ ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ। ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਜਿਨ੍ਹਾਂ ਕਮੇਟੀਆਂ ਨੇ ਜੱਥੇਦਾਰ ਦੀ ਚੋਣ ਕਰਨੀ ਹੈ ਉਨ੍ਹਾਂ ਦੁਆਰਾ ਕੋਈ ਤਿੰਨ ਵਿਅਕਤੀ ਜੋ ਅੰਮ੍ਰਿਤਧਾਰੀ ਹੋਣ ਪੋਲਿੰਗ ਆਫਿਸਰਸ ਬਣਾਏ ਜਾਣਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਦੋ ਓਬਜ਼ਰਵਰ ਇਸ ਚੋਣ ਨੂੰ ਕਰਵਾਉਣ ਲਈ ਮਦਦ ਕਰਨਗੇ। ਜਿੰਨ੍ਹਾਂ ਵਿਚੋਂ ਇੱਕ ਚੀਫ ਇਲੈਕਸ਼ਨ ਅਫਸਰ ਹੋਵੇਗਾ। ਸੰਖੇਪ ਵਿੱਚ ਕਿਸੇ ਵੀ ਜੱਥੇਦਾਰ ਦੀ ਚੋਣ ਕਰਾਉਣ ਦੀ ਜਿੰਮੇਵਾਰੀ ਇਨ੍ਹਾਂ ਪੰਜ ਵਿਅਕਤੀਆਂ 'ਤੇ ਹੋਵੇਗੀ ਤੇ ਗਿਣਤੀ ਹੋਣ ਤੋਂ ਬਾਦ ਇਹ ਰਜ਼ਲਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜਣਗੇ ਜਿਸ ਦੇ ਪ੍ਰਧਾਨ ਨਤੀਜੇ ਦੀ ਘੋਸ਼ਣਾ ਕਰਨਗੇ। ਅਗਰ ਪੰਜ ਵਿਅਕਤੀਆਂ 'ਚ ਵੋਟਾਂ ਦੀ ਗਿਣਤੀ ਬਾਰੇ ਕੋਈ ਮੱਤਭੇਦ ਹੋਵੇਗਾ। ਤਾਂ ਮਿਜੋਰਿਟੀ ਨਾਲ ਉਸਦਾ ਫੈਸਲਾ ਕੀਤਾ ਜਾਵੇਗਾ। ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਛੱਡ ਕੇ ਹੋਰ ਸਾਰੇ ਜੱਥੇਦਾਰਾਂ ਨੂੰ ਆਪਣੀ ਡਿਊਟੀ ਨਿਰਪੱਖ ਤੌਰ 'ਤੇ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਨਿਭਾਉਣ ਦੀ ਸਹੁੰ ਉਸ ਕਮੇਟੀ ਦੇ ਪ੍ਰਧਾਨ ਦੁਆਵਾ ਦਿਵਾਈ ਜਾਏਗੀ ਜਿਨ੍ਹਾਂ ਨੇ ਉਹਨੂੰ ਚੁਣਿਆ ਹੈ। ਕਿਉਂਕਿ ਕਮੇਟੀਆਂ ਇਕ ਤੋਂ ਜ਼ਿਆਦਾ ਹੋਣਗੀਆਂ ਇਸ ਕਰਕੇ ਇਹ ਸਹੁੰ ਚੁਕਾਉਣ ਦੀ ਜਿੰਮੇਦਾਰੀ ਤਜ਼ਰਬੇ ਵਿੱਚ ਸੱਭ ਤੋਂ ਸੀਨੀਅਰ ਪ੍ਰੇਜ਼ੀਡੇਂਟ ਦੀ ਹੋਵੇਗੀ। ਅਗਰ ਇਸ ਬਾਰੇ ਕੋਈ ਮਤਭੇਦ ਹੋਵੇ ਤਾ ਉਮਰ ਵਿੱਚ ਸੱਭ ਤੋਂ ਵੱਡਾ ਪ੍ਰਧਾਨ ਇਹ ਸਹੁੰ ਚੁਕਾਏਗਾ। ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਸਹੁੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੁਆਰਾ ਚੁਕਾਈ ਜਾਏਗੀ।

## ਤਖਤ ਜਥੇਦਾਰ ਬੋਰਡ ਦੀ ਐਡਵਾਈਜਰੀ ਕਮੇਟੀ

ਤਖਤ ਜੱਥੇਦਾਰਾਂ ਦੇ ਬੋਰਡ ਦੀ ਇਕ ਐਡਵਾਈਜਰੀ ਕਮੇਟੀ ਹੋਵੇਗੀ ਜਿਸ ਦਾ ਹੈਡਕੁਆਟਰ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਹੋਵੇਗਾ। ਇਸ ਕਮੇਟੀ ਦੀ ਜੱਦ ਵੀ ਮੀਟਿੰਗ ਹੋਵੇਗੀ ਉਹ ਅਕਾਲ ਤਖਤ ਸਾਹਿਬ ਦੇ ਚੀਫ ਸੈਕਟਰੀ ਦੁਆਰਾ ਬੁਲਾਈ ਜਾਵੇਗੀ ਤੇ ਮੀਟਿੰਗ ਦੀ ਪ੍ਰਧਾਨਗੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਨਗੇ। ਦੂਜੇ ਸ਼ਬਦਾਂ ਵਿਚ ਇਹ ਐਡਵਾਈਜਰੀ ਕਮੇਟੀ ਦੇ ਚੇਅਰਮੈਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋਣਗੇ ਤੇ ਇਸ ਦੇ ਚਾਰ ਪਰਮਾਨੈਂਟ ਮੈਂਬਰ ਹੋਣਗੇ ਚੀਫ ਸੈਕਟਰੀ ਅਕਾਲ ਤਖਤ ਸਾਹਿਬ, ਚੀਫ ਸੈਕਟਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਕਟਰੀ (ਡਾਇਰੈਕਟਰ) ਧਰਮ ਪ੍ਰਚਾਰ ਅਕਾਲ ਤਖਤ ਸਾਹਿਬ ਤੇ ਸੈਕਟਰੀ (ਡਾਇਰੈਕਟਰ) ਧਰਮ ਪ੍ਰਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

## ਐਡਵਾਈਜਰੀ ਕਮੇਟੀ ਦੇ ਹੋਰ ਮੈਂਬਰ

ਇਸ ਕਮੇਟੀ ਦੇ 6 ਹੋਰ ਮੈਂਬਰ ਹੋਣਗੇ ਜੋ ਇਕ ਸਾਲ ਲਈ ਮੈਂਬਰ ਰਹਿਣਗੇ। ਉਸਤੋਂ ਬਾਅਦ ਨਵੇਂ 6 ਮੈਂਬਰ ਲਏ ਜਾਣਗੇ। ਇਹ ਮੈਂਬਰ ਹੋਣਗੇ, ਇਕ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ, ਦੋ ਮੈਂਬਰ ਹੋਰ ਕਮੇਟੀਆਂ 'ਚੋਂ ਇਕ ਮੈਂਬਰ ਇਕ ਸਿੱਖ ਵਿਦਵਾਨ, ਇਕ ਵੱਡਾ ਸਿੱਖ ਆਫੀਸਰ (ਭਾਵੇਂ ਉਹ ਪੰਜਾਬ ਸਰਕਾਰ ਦਾ ਹੋਵੇ, ਕੇਂਦਰ ਸਰਕਾਰ ਦਾ ਜਾਂ ਕਿਸੇ ਹੋਰ ਸੂਬੇ ਦੀ ਸਰਕਾਰ ਦਾ) ਤੇ ਇਕ ਹੋਰ ਸਿੱਖ ਕਿਸੇ ਵੀ ਖੇਤਰ 'ਚੋਂ ਜਿਸ ਨੇ ਨਾਮਨਾ ਖੱਟਿਆ ਹੋਵੇ। ਇਹ 6 ਮੈਂਬਰਾਂ ਦੀ ਚੋਣ ਇਸ ਤਰ੍ਹਾਂ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨੋਮੀਨੇਟ ਕੀਤਾ ਜਾਵੇਗਾ, ਬਾਕੀ ਹੋਰ ਦੋ ਕਮੇਟੀਆਂ, ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕ੍ਰਮਵਾਰ ਕਰੇਗੀ। ਉਨ੍ਹਾਂ

ਕਮੇਟੀਆਂ ਦੁਆਰਾ ਨੌਮੀਨੇਟ ਕੀਤੇ ਜਾਣਗੇ ਤੇ ਬਾਕੀ ਦੇ ਤਿੰਨ ਮੈਂਬਰ ਚੇਅਰਮੈਨ ਤੇ ਇਹ ਸੱਤ ਮੈਂਬਰਾਂ ਦੇ ਫੈਸਲੇ ਨਾਲ ਨੌਮੀਨੇਟ ਕੀਤੇ ਜਾਣਗੇ। ਇਨ੍ਹਾਂ ਨਾਵਾਂ ਦਾ ਪ੍ਰਪੋਜਲ ਪ੍ਰਾਈਵੇਟ ਅਦਾਰਿਆਂ ਤੋਂ, ਸਰਕਾਰੀ ਅਦਾਰਿਆਂ ਤੋਂ ਜਾਂ ਬੰਦਿਆਂ ਤੋਂ ਆਏਗਾ ਅਤੇ ਉਨ੍ਹਾਂ ਪ੍ਰੋਪੋਜਲਾਂ ਤੇ ਇਹ ਸੱਤ ਮੈਂਬਰ ਤੇ ਚੇਅਰਮੈਨ ਵਿਚਾਰ ਕਰਨਗੇ। ਫੈਸਲਾ ਬਹੁ ਗਿਣਤੀ ਦੇ ਆਧਾਰ ਤੇ ਹੋਵੇਗਾ ਪਰ ਅਗਰ ਚੇਅਰਮੈਨ ਨੂੰ ਮਿਲਾ ਕੇ ਚਾਰ ਚਾਰ ਮੈਂਬਰ ਦੋ ਅਲੱਗ ਪੱਖ ਰੱਖਦੇ ਹੋਣਗੇ ਤਾਂ ਚੇਅਰਮੈਨ ਦੀ ਵੋਟ ਨੂੰ ਮਹੱਤਤਾ ਦੇਂਦੇ ਹੋਏ ਫੈਸਲਾ ਕੀਤਾ ਜਾਵੇਗਾ। ਮਿਸਾਲ ਦੇ ਤੌਰ ਤੇ ਜੇ ਚੇਅਰਮੈਨ ਤੇ ਹੋਰ ਤਿੰਨ ਮੈਂਬਰ ਇਕ ਅਫਸਰ ਏ ਨੂੰ ਮੈਂਬਰ ਬਣਾਉਣਾ ਚਾਹੁੰਦੇ ਹਨ ਪਰ ਬਾਕੀ ਦੇ ਚਾਰ ਮੈਂਬਰ ਬੀ ਨੂੰ ਬਨਾਉਣਾ ਚਾਹੁੰਦੇ ਹਨ ਤਾਂ ਫੈਸਲਾ ਏ ਦੇ ਹੱਕ ਵਿਚ ਹੋਵੇਗਾ। ਪਰ ਜੇ ਚੇਅਰਮੈਨ ਤੇ ਕੋਈ ਦੋ ਮੈਂਬਰ ਏ ਨੂੰ ਬਨਾਉਣਾ ਚਾਹੁੰਦੇ ਹਨ ਤੇ ਬਾਕੀ ਦੇ ਪੰਜ ਮੈਂਬਰ ਬੀ ਨੂੰ ਬਨਾਉਣਾ ਚਾਹੁੰਦੇ ਹਨ ਤਾਂ ਫੈਸਲਾ ਬੀ ਦੇ ਹੱਕ ਵਿਚ ਹੋਵੇਗਾ। ਫੈਸਲੇ ਦੀ ਘੋਸ਼ਣਾ ਚੀਫ ਸੈਕਟਰੀ ਅਕਾਲ ਤਖਤ ਸਾਹਿਬ ਹੀ ਕਰਨਗੇ।

## ਤਖਤ ਜਥੇਦਾਰ ਬੋਰਡ ਤੇ ਐਡਵਾਈਜਰੀ ਕਮੇਟੀ ਦਾ ਤਾਲਮੇਲ

ਸਿੱਖ ਧਰਮ ਵਿਚ ਪਤਿਤ ਪੁਣੇ ਦਾ ਇਕ ਵੱਡਾ ਕਾਰਨ ਹੈ, ਧਰਮ ਬਾਰੇ ਜਾਣਕਾਰੀ ਦੀ ਘਾਟ। ਤਖਤ ਜਥੇਦਾਰ ਬੋਰਡ ਦਾ ਮੁੱਖ ਕੰਮ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ, ਉਸ ਬਾਰੇ ਜੋ ਸਵਾਲ ਲੋਕਾਂ ਦੇ ਮਨ ਵਿਚ ਉਠਦੇ ਹਨ, ਸ਼ੰਕੇ ਪੈਦਾ ਹੁੰਦੇ ਹਨ ਜਾਂ ਇਸ ਸਬੰਧ ਵਿਚ ਕੋਈ ਵਿਵਾਦ ਖੜਾ ਹੁੰਦਾ ਹੈ ਜਾਂ ਸਮੱਸਿਆ ਬਣ ਜਾਂਦੀ ਹੈ ਤਾਂ ਉਨ੍ਹਾਂ ਸਾਰਿਆਂ ਨਾਲ ਤਖਤ ਜਥੇਦਾਰ ਬੋਰਡ ਨਿਪਟੇਗਾ ਤੇ ਐਡਵਾਈਜਰੀ ਕਮੇਟੀ ਇਸ ਪੱਖੋਂ ਬੋਰਡ ਦੀ ਮਦਦ ਕਰੇਗੀ। ਥੱਲੇ ਕੁਝ ਮਿਸਾਲਾਂ ਦੇ ਕੇ ਅਸੀਂ ਇਸ ਨੂੰ ਸਪੱਸ਼ਟ ਕਰਾਂਗੇ।

(ੳ) ਮਿਸਾਲ ਦੇ ਤੌਰ ਤੇ ਇੰਦੌਰ ਦੇ ਸ੍ਰ: ਮਾਲਕ ਸਿੰਘ ਨੂੰ ਕੇਸਾਂ ਬਾਰੇ ਇਕ ਸਮੱਸਿਆ ਨੇ ਘੇਰਿਆ ਹੈ ਉਨ੍ਹਾਂ ਦੀ ਪਤਨੀ ਦੇ ਮੂੰਹ ਤੇ ਬਹੁਤ ਸਾਰੇ ਵਾਲ ਆ ਗਏ ਹਨ। ਅਗਰ ਪਤਨੀ ਵਾਲਾਂ ਨੂੰ ਹਟਾਉਣ ਲਈ ਉਨ੍ਹਾਂ ਨੂੰ ਸ਼ੇਵ ਕਰਾਉਂਦੀ ਹੈ ਤਾਂ ਮਰਿਆਦਾ ਭੰਗ ਹੁੰਦੀ ਹੈ, ਅਗਰ ਉਹ ਨਹੀਂ ਕਰਵਾਉਂਦੀ ਸਮਾਜ 'ਚ ਉਹ ਹਾਸੇ ਦਾ ਕਾਰਨ ਬਣਦੀ ਹੈ। ਸ੍ਰ: ਮਾਲਕ ਸਿੰਘ ਇਸ ਬਾਰੇ ਜਾਨਣਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ? ਕਿਉਂਕਿ ਮੱਧ ਪ੍ਰਦੇਸ਼ ਦੀ ਕਮੇਟੀ ਸ੍ਰੀ ਹਜੂਰ ਸਾਹਿਬ ਦੇ ਜੱਥੇਦਾਰ ਨਾਲ ਜੁੜੀ ਹੈ ਸੋ ਉਹ ਸ੍ਰੀ ਹਜੂਰ ਸਾਹਿਬ ਦੇ ਜਥੇਦਾਰ ਨੂੰ ਚਿੱਠੀ ਪਾ ਕੇ ਇਸ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹਨ। ਜੱਥੇਦਾਰ ਸਾਹਿਬ ਨੇ ਇਸ ਦਾ ਜਵਾਬ ਦੇਣਾ ਹੈ, ਭਾਵੇਂ ਉਹ ਆਪਣੇ ਸਲਾਹਕਾਰਾਂ ਨਾਲ, ਸਟਾਫ ਨਾਲ ਜਾਂ ਕਮੇਟੀ/ਕਮੇਟੀਆਂ ਨਾਲ ਸਲਾਹ ਕਰਕੇ ਇਸ ਦਾ ਜਵਾਬ ਦੇਣ। ਜਵਾਬ ਦੇਣ ਲਈ ਸਮਾਂ ਨਿਰਧਾਰਿਤ ਹੋਣਾ ਚਾਹੀਦਾ ਹੈ। ਜੋ ਕਿਸੇ ਵੀ ਹਾਲਤ ਵਿਚ ਇਕ ਮਹੀਨੇ ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ। ਅਗਰ ਉਹ ਸੋਚਦੇ ਹਨ ਕਿ ਇਸ ਸਮੱਸਿਆ ਦਾ ਹੱਲ ਪੂਰੇ ਬੋਰਡ ਦੁਆਰਾ ਹੋਣਾ ਚਾਹੀਦਾ ਹੈ ਤਾਂ ਉਹ ਇਹ ਪ੍ਰਸ਼ਨ ਇਕ ਹਫਤੇ ਦੇ ਅੰਦਰ-ਅੰਦਰ ਐਡਵਾਇਜਰੀ ਕਮੇਟੀ ਦੇ ਕੋਲ ਭੇਜਣਗੇ। ਐਡਵਾਈਜਰੀ ਕਮੇਟੀ ਇਸ ਤੇ ਵਿਚਾਰ ਕਰਕੇ ਇਸ ਦਾ ਜਵਾਬ ਬਣਾਏਗੀ ਤੇ ਫਿਰ ਇਸ ਨੂੰ ਬੋਰਡ ਦੇ ਸਾਹਮਣੇ ਰੱਖੇਗੀ। ਬੋਰਡ ਦੇ ਸਾਰੇ ਮੈਂਬਰ ਉਸਨੂੰ ਅਪਰੂਵ ਕਰਨਗੇ ਤੇ ਫਿਰ ਜਵਾਬ ਸ੍ਰੀ ਹਜੂਰ ਸਾਹਿਬ ਦੇ ਜਥੇਦਾਰ ਸਾਹਿਬ ਕੋਲ ਆ ਜਾਵੇਗਾ ਤੇ ਉਨ੍ਹਾਂ ਦਾ ਸਕੱਤਰੇਤ ਜਵਾਬ ਪ੍ਰਸ਼ਨ ਕਰਤਾ ਨੂੰ ਭੇਜੇਗਾ। ਸ੍ਰੀ ਅਕਾਲ ਤਖਤ ਸਾਹਿਬ ਦੇ ਚੀਫ ਸੈਕਟਰੀ ਪੰਜੋਂ ਤਖਤਾਂ ਦੇ ਜਥੇਦਾਰਾਂ ਕੋਲ ਦਸਤਖਤ ਉਨ੍ਹਾਂ ਕੋਲ ਅਲੱਗ ਅਲੱਗ ਭੇਜ ਕੇ ਵੀ ਕਰਵਾ ਸਕਦੇ ਹਨ ਤੇ ਜੇ

ਚਾਹੁਣ ਤਾਂ ਤਖਤ ਜੱਥੇਦਾਰ ਬੋਰਡ ਦੀ ਮੀਟਿੰਗ ਵੀ ਬੁਲਾ ਸਕਦੇ ਹਨ। ਅਸਲ ਵਿਚ ਮੀਟਿੰਗ ਕਦੋਂ ਬੁਲਾਉਣੀ ਚਾਹੀਦੀ ਹੈ ਇਸ ਬਾਰੇ ਰੂਲ ਐਡਵਾਈਜ਼ਰੀ ਕਮੇਟੀ ਨੇ ਹੀ ਬਨਾਉਣੇ ਹਨ। ਸਾਡੇ ਖਿਆਲ ਵਿਚ ਮੀਟਿੰਗ ਉਦੋਂ ਬੁਲਾਉਣੀ ਚਾਹੀਦੀ ਹੈ ਜਦੋਂ ਬਹੁਤ ਸਾਰੇ ਸਵਾਲ ਜਾਂ ਸਮੱਸਿਆਵਾਂ ਮੀਟਿੰਗ ਦੇ ਸਾਹਮਣੇ ਰੱਖਣ ਲਈ ਇਕੱਠੇ ਹੋਏ ਹੋਣ। ਇਸ ਹਾਲਤ ਵਿਚ ਪ੍ਰਸ਼ਨਕਰਤਾ ਨੂੰ ਲਿਖਤ ਰੂਪ ਵਿਚ ਇਹ ਜਵਾਬ ਭੇਜਣਾ ਜ਼ਰੂਰੀ ਹੈ ਕਿ ਤਖਤ ਜੱਥੇਦਾਰ ਦੀ ਅਗਲੀ ਮੀਟਿੰਗ ਵਿਚ ਆਪ ਜੀ ਦਾ ਮਸਲਾ ਲਿਆ ਜਾਵੇਗਾ ਤੇ ਉਸ ਉਪਰੰਤ ਆਪ ਜੀ ਨੂੰ ਜਵਾਬ ਭੇਜਿਆ ਜਾਵੇਗਾ। ਵੈਸੇ ਤਖਤ ਜਥੇਦਾਰ ਬੋਰਡ ਦੀਆਂ ਘੱਟ ਤੋਂ ਘੱਟ ਸਾਲ ਵਿੱਚ ਚਾਰ ਮੀਟਿੰਗ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਮੀਟਿੰਗ ਵਿੱਚ ਫੈਸਲਾ ਬਹੁਮਤ ਨਾਲ ਹੀ ਹੋਵੇਗਾ, ਪਰ ਅਗਰ ਕਿਸੇ ਮਸਲੇ ਤੇ ਬਰਾਬਰ ਵੋਟਾਂ ਹੋਣ - ਭਾਵ ਕੀ ਤਿੰਨ-ਤਿੰਨ, ਫਿਰ ਫੈਸਲਾ ਉਹ ਹੋਵੇਗਾ ਜਿਸ ਤਿੰਨ ਵਿੱਚ ਚੇਅਰਮੈਨ ਦੀ ਵੋਟ ਹੋਵੇਗੀ। ਜਦ ਫੈਸਲਾ ਹੋ ਜਾਵੇਗਾ ਤਾਂ ਸਾਰੇ 6 ਜਣੇਂ ਉਸ ਤੇ ਦਸਖਤ ਕਰਨਗੇ।

(ਅ) ਇਸ ਤਰ੍ਹਾਂ ਅਗਰ ਕਿਸੇ ਦੇ ਮਨ ਵਿਚ ਕੋਈ ਵੀ ਸਵਾਲ ਹੋਵੇ ਜਾਂ ਕੋਈ ਵੀ (ਸੰਸਥਾ ਜਾਂ ਵਿਅਕਤੀ) ਧਰਮ ਬਾਰੇ ਕੋਈ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਜਾਂ ਕਿਸੇ ਦੋ ਵਿਅਕਤੀਆਂ ਜਾਂ ਸੰਸਥਾਵਾਂ ਦਾ ਕਿਸੇ ਮਸਲੇ ਤੇ ਮਤਭੇਦ ਹੋਵੇ ਉਹ ਕਿਸੇ ਵੀ ਤਖਤ ਦੇ ਜੱਥੇਦਾਰ ਸਾਹਿਬ ਨੂੰ ਲਿਖ ਕੇ ਹਾਲਾਤ ਨੂੰ ਸਪੱਸ਼ਟ ਕਰਵਾ ਸਕਦਾ ਹੈ।

(ੲ) ਅਗਰ ਕਿਸੇ ਵਿਸ਼ੇ ਤੇ ਇਕ ਜੱਥੇਦਾਰ ਸਾਹਿਬ ਦਾ ਜਵਾਬ ਦੂਸਰੇ ਜਥੇਦਾਰ ਸਾਹਿਬ ਦੇ ਜਵਾਬ ਨਾਲ ਨਾ ਮਿਲਦਾ ਹੋਵੇ ਤਾਂ ਮਾਮਲਾ ਤਖਤ ਜੱਥੇਦਾਰ ਬੋਰਡ ਦੁਆਰਾ ਹੀ ਨਿਪਟਾਇਆ ਜਾਵੇਗਾ। ਅਗਰ ਕਿਸੇ ਵਿਸ਼ੇ ਤੇ ਸਿਰਫ ਇਕ ਜੱਥੇਦਾਰ ਸਾਹਿਬ ਦਾ ਜਵਾਬ ਉਪਲਬਧ ਹੈ, ਮੰਨ ਲਉ ਕਿ ਉਪਰ ਲਿਖੇ ਵਿਸ਼ੇ ਤੇ ਸ੍ਰੀ ਹਜ਼ੂਰ ਸਾਹਿਬ ਦੇ ਜੱਥੇਦਾਰ ਸਾਹਿਬ ਆਪਣੇ ਵੱਲੋਂ ਹੀ ਕੋਈ ਜਵਾਬ ਦਿੰਦੇ ਹਨ ਤਾਂ ਉਸ ਉੱਤਰ ਨੂੰ ਸਾਰੇ ਸਿੱਖਾਂ ਦੁਆਰਾ ਮੰਨਣ ਯੋਗ ਮੰਨਿਆ ਜਾਵੇਗਾ। ਜਦ ਤੱਕ ਕਿ ਕੋਈ ਸਿੱਖ ਉਸ ਉਤੇ ਕਿੰਤੂ ਪਰੰਤੂ ਕਰਕੇ ਉਸਦਾ ਫੈਸਲਾ ਤਖਤ ਜਥੇਦਾਰ ਬੋਰਡ ਤੋਂ ਨਾ ਕਰਵਾ ਲਵੇ।

(ਸ) ਅਗਰ ਕੋਈ ਮਾਮਲਾ ਬਹੁਤ ਸਾਰੇ ਵਿਅਕਤੀਆਂ ਨਾਲ ਸਬੰਧਤ ਹੈ ਜਾਂ ਪੂਰੀ ਕੌਮ ਨਾਲ ਸਬੰਧ ਰੱਖਦਾ ਹੈ ਤਾਂ ਉਸਦਾ ਫੈਸਲਾ ਬੋਰਡ ਦੁਆਰਾ ਹੀ ਹੋਣਾ ਚਾਹੀਦਾ ਹੈ। ਅਗਰ ਬੋਰਡ ਦਾ ਮੱਤ ਹੋਵੇ ਕਿ ਇਹ ਫੈਸਲਾ ਸਰਬੱਤ ਖਾਲਸਾ ਦੁਆਰਾ ਕੀਤਾ ਜਾਵੇ ਤਾਂ ਬੋਰਡ ਇਸ ਨੂੰ ਸਰਬੱਤ ਖਾਲਸਾ ਦੇ ਵਿਚਾਰ ਲੈ ਕੇ ਇਸ ਤੇ ਫੈਸਲਾ ਕਰ ਸਕਦਾ ਹੈ ਸਰਬੱਤ ਖਾਲਸਾ ਦੇ ਵਿਚਾਰ ਕਿਸ ਤਰ੍ਹਾਂ ਲਏ ਜਾਣ। ਇਸ ਬਾਰੇ ਗੱਲ ਢੁੱਕਵੇਂ ਅਸਥਾਨ ਤੇ ਕੀਤੀ ਜਾਵੇਗੀ।

ਸਭ ਤਖਤਾਂ ਦੇ ਜੱਥੇਦਾਰਾਂ ਦੀ ਚੋਣ 5 ਸਾਲਾਂ ਲਈ ਹੋਵੇਗੀ ਅਤੇ ਕੋਈ ਵੀ ਜੱਥੇਦਾਰ 3 ਵਾਰ ਤੋਂ ਜ਼ਿਆਦਾ ਨਹੀਂ ਚੁਣਿਆ ਜਾਵੇਗਾ। ਭਾਵ ਕਿ ਉਹ ਜ਼ਿਆਦਾ ਤੋਂ ਜ਼ਿਆਦਾ 15 ਸਾਲ ਤਕ ਇਕ ਜਗ੍ਹਾ ਜਥੇਦਾਰ ਰਹਿ ਸਕਦਾ ਹੈ। ਅਕਾਲ ਤਖਤ ਸਾਹਿਬ ਦੇ ਜੱਥੇਦਾਰ 15 ਸਾਲ ਬਾਦ ਹੋਰ ਕਿਸੇ ਤਖਤ ਦੇ ਜਥੇਦਾਰ ਨਹੀਂ ਬਣ ਸਕਦੇ ਪਰ ਹੋਰ ਕਿਸੇ ਤਖਤ ਦਾ ਜੱਥੇਦਾਰ ਅਕਾਲ ਤਖਤ ਸਾਹਿਬ ਦਾ ਜੱਥੇਦਾਰ 15 ਸਾਲ ਤੋਂ ਬਾਅਦ ਬਣ ਸਕਦਾ ਹੈ।

## ਜਥੇਦਾਰਾਂ ਲਈ ਸਟਾਫ

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਆਪਣਾ ਇਕ ਨਿੱਜੀ ਸਕੱਤਰ ਤੇ ਲੋੜ ਅਨੁਸਾਰ

ਸਟਾਫ ਰੱਖ ਸਕਦੇ ਹਨ। ਇਸ ਤਰ੍ਹਾਂ ਹੀ ਦੂਜੇ ਤਖਤਾਂ ਦੇ ਜਥੇਦਾਰ ਵੀ ਆਪਣਾ ਨਿੱਜੀ ਸਕੱਤਰ (ਸੈਕਰੇਟਰੀ) ਆਪ ਨਿਯੁਕਤ ਕਰ ਸਕਦੇ ਹਨ। ਸੈਕ੍ਰੇਟਰੀ ਨਿਯੁਕਤ ਕਰਨ ਵੇਲੇ ਆਪਣੇ ਇਲਾਕੇ ਦੇ ਸਟੇਟ ਧਰਮ ਪ੍ਰਚਾਰਕ ਨਾਲ ਸਲਾਹ ਕਰ ਸਕਦੇ ਹਨ। ਜਾਂ ਤਖ਼ਤ ਸਾਹਿਬ ਦੇ ਗੁਰਦੁਆਰਾ ਕਮੇਟੀ ਨਾਲ ਸਲਾਹ ਕਰ ਸਕਦੇ ਹਨ। ਜਾਂ ਇਨ੍ਹਾਂ ਤੋਂ ਇਲਾਵਾ ਕਿਸੇ ਹੋਰ ਸੰਸਥਾ ਦੀ ਮਦਦ ਲੈ ਸਕਦੇ ਹਨ। ਪਰ ਸੈਕ੍ਰੇਟਰੀ ਨਿਯੁਕਤ ਕਰਨ ਵੇਲੇ ਉਸ ਵਿੱਚ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ।

## ਸਕੱਤਰ ਦੀ ਯੋਗਤਾਂ ਤੇ ਹੋਰ ਸ਼ਰਤਾਂ

1. ਉਹ ਸਰਕਾਰੀ ਨੌਕਰੀ ਤੋਂ ਘੱਟੋ ਘੱਟ 10 ਸਾਲ ਦੀ ਕਲਾਸ ਟੂ ਦੀ ਸਰਵਿਸ ਜਾਂ 5 ਸਾਲ ਕਲਾਸ ਵਨ ਦੀ ਸਰਵਿਸ 'ਤੇ ਤੈਨਾਤ ਰਿਹਾ ਹੋਵੇ। ਇਸ ਵਿੱਚ ਸੈਨਿਕ ਸੇਵਾਵਾਂ ਵੀ ਸ਼ਾਮਿਲ ਹਨ।
2. ਅਗਰ ਉਹ ਸਰਕਾਰੀ ਨੌਕਰੀ 'ਤੇ ਨਾ ਰਿਹਾ ਹੋਵੇ ਤਾਂ ਉਹ ਐਮ.ਏ. ਪੰਜਾਬੀ ਜਾਂ ਉਸ ਦੇ ਬਰਾਬਰ ਦੀ ਕੋਈ ਯੋਗਤਾ ਰੱਖਦਾ ਹੋਵੇ ਤੇ ਉਸਨੂੰ ਪੰਜਾਬੀ ਚੰਗੀ ਤਰ੍ਹਾਂ ਬੋਲਣੀ, ਪੜ੍ਹਣੀ ਅਤੇ ਲਿਖਣੀ ਆਉਂਦੀ ਹੋਵੇ।
3. ਉਸ ਦੀ ਉਮਰ 35 ਸਾਲ ਤੋਂ ਉੱਤੇ ਹੋਵੇ।
4. ਉਹ ਅੰਮ੍ਰਿਤਧਾਰੀ ਹੋਵੇ ਤੇ ਸਿੱਖ ਧਰਮ ਨਾਲ ਉਸਦਾ ਅਥਾਹ ਪ੍ਰੇਮ ਤੇ ਉਸਦੀ ਸ਼ਰਧਾ ਉਸ ਦੇ ਜੀਵਨ ਵਿੱਚੋਂ ਝਲਕਦੇ ਹੋਣ।

ਕੋਈ ਵੀ ਜਥੇਦਾਰ ਸਾਹਿਬ ਦਫਤਰ ਦੇ ਸਟਾਫ ਤੋਂ ਇਲਾਵਾ ਅਗਰ ਜ਼ਰੂਰਤ ਸਮਝਣ ਤਾਂ ਸਕਿਉਰਿਟੀ ਲਈ ਵੀ ਕੋਈ ਬੰਦਾ/ਬੰਦੇ ਰੱਖ ਸਕਦੇ ਹਨ। ਪਰ ਇਹਨਾਂ ਸਾਰੇ ਨਿੱਜੀ ਸਟਾਫ਼ ਦੇ ਵਿਅਕਤੀਆਂ ਦੀ ਤਨਖਾਹ ਤਖਤ ਸਾਹਿਬ ਦੀ ਆਮਦਨ 'ਚੋਂ ਦਿੱਤੀ ਜਾਏਗੀ ਤੇ ਉਸਦਾ ਲੇਖਾ-ਜੋਖਾ ਮੁਕੰਮਲ ਤੌਰ 'ਤੇ ਬਜਟ ਵਿਚ ਪਾ ਕੇ ਤੇ ਆਡਿਟ ਕਰਵਾ ਕੇ ਕੰਟਰੋਲਰ ਆਫ ਅਕਾਊਂਟਸ ਅੰਮ੍ਰਿਤਸਰ ਨੂੰ ਭੇਜਣਾ ਪਵੇਗਾ।

## ਐਡਵਾਈਜਰੀ ਕਮੇਟੀ ਦਾ ਪ੍ਰਬੰਧਕੀ ਢਾਂਚਾ

ਐਡਵਾਈਜਰੀ ਕਮੇਟੀ ਦੇ ਪ੍ਰਬੰਧਕੀ ਢਾਂਚੇ ਦਾ ਹੈਡ ਚੀਫ਼ ਸੈਕਟਰੀ ਅਕਾਲ ਤਖਤ ਸਾਹਿਬ ਹੋਵੇਗਾ। ਜਿਸਦੀ ਜੁਆਬਦੇਹੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਹੋਵੇਗੀ। ਕਿਉਂਕਿ ਇਹ ਚੀਫ਼ ਸੈਕਟਰੀ ਪ੍ਰਸ਼ਾਸਣ ਦਾ ਹੈੱਡ ਹੋਵੇਗਾ, ਉਸਦੇ ਥੱਲੇ ਅਲੱਗ ਅਲੱਗ ਵਿਭਾਗ ਹੋਣਗੇ ਜਿਵੇਂ ਕਿ ਅਕਾਊਂਟ ਵਿਭਾਗ, ਹਿਉਮਨ ਰਿਸੋਰਸ ਵਿਭਾਗ, ਤੇ ਧਰਮ ਪ੍ਰਚਾਰ ਵਿਭਾਗ। ਸਾਰੇ ਵਿਭਾਗਾਂ ਦੇ ਹੈਡ ਡਾਇਰੈਕਟਰ ਹੋਣਗੇ ਜੋ ਚੀਫ ਸੈਕਟਰੀ ਨੂੰ ਰਿਪੋਰਟ ਕਰਨਗੇ। ਅਕਾਊਂਟ ਕਮੇਟੀ ਦਾ ਹੈਡ ਡਾਇਰੈਕਟਰ ਹੋਵੇਗਾ ਜੋ ਘੱਟੋ ਘੱਟ 30 ਸਾਲ ਦਾ ਹੋਵੇਗਾ ਅਤੇ ਜਿਸ ਨੂੰ ਦੱਸ ਸਾਲ ਚਾਰਟਰਡ ਅਕਾਊਟੈਂਟ ਦਾ ਤਜ਼ਰਬਾ ਹੋਵੇਗਾ ਜਾਂ ਜਿਸ ਨੂੰ ਦੱਸ ਸਾਲ ਕਿਸੇ ਐਸੇ ਵਿਭਾਗ 'ਚ ਹੋ ਗਏ ਹੋਣਗੇ ਜਿਸਦਾ ਕੰਮ ਐਕਾਊਂਟਸ ਜਾਂ ਰੈਵਨਿਊ ਨਾਲ ਸਬੰਧ ਰੱਖਦਾ ਹੋਵੇ। ਸੈਂਟਰਲ ਸਰਕਾਰ 'ਚ ਉਸਦਾ ਰੁਤਬਾ ਡਾਇਰੈਕਟਰ ਤੋਂ ਥੱਲੇ ਨਾ ਹੋਵੇ। ਉਹ ਡੈਪੂਟੇਸ਼ਨ ਤੇ ਲਿਆ ਜਾ ਸਕਦਾ ਹੈ ਜਾਂ ਰਿਟਾਇਰਡ ਵਿਅਕਤੀ ਵੀ ਹੋ ਸਕਦਾ ਹੈ।

ਹਿਊਮਨ ਰਿਸੋਰਸ ਵਿਭਾਗ ਦਾ ਹੈਡ ਸੈਂਟ੍ਰਲ ਗੌਰਮੈਂਟ ਵਿਚ ਡਾਇਰੈਕਟਰ ਦੇ ਰੈਂਕ ਦਾ ਹੋਣਾ ਚਾਹੀਦਾ ਹੈ, ਭਾਵੇਂ ਉਸ ਨੂੰ ਡੈਪੂਟੇਸ਼ਨ ਤੇ ਲਿਆ ਜਾਵੇ ਜਾਂ ਉਹ ਡਾਇਰੈਕਟਰ ਜਾਂ ਉਸਤੋਂ ਉਤੇ ਵਾਲੇ ਕਿਸੇ ਰੁਤਬੇ ਤੋਂ ਰਿਟਾਇਰ ਹੋਇਆ ਹੋਵੇ। ਇਸ ਤਰ੍ਹਾਂ ਹੀ ਧਰਮ ਪ੍ਰਚਾਰ ਵਿਭਾਗ ਦਾ ਹੈਡ ਡਾਇਰੈਕਟਰ ਦੇ ਰੈਂਕ ਦਾ ਹੋਏਗਾ ਪਰ ਉਸਨੇ ਜਾਂ ਤਾਂ ਸਿੱਖ ਧਰਮ ਨਾਲ ਸਬੰਧਤ ਵਿਦਿਅਕ ਯੋਗਤਾ ਹਾਸਲ ਕੀਤੀ ਹੋਵੇ ਜਿਵੇਂ ਕਿ ਐਮ.ਏ. ਸਿੱਖ ਰਿਲੀਜਨ ਜਾਂ ਸਿੱਖ ਧਰਮ ਬਾਰੇ ਕੁਝ ਕਿਤਾਬਾਂ ਲਿਖੀਆਂ ਹੋਣ ਭਾਵ ਕਿ ਉਹ ਇਕ ਵਿਦਵਾਨ ਹੋਵੇ ਅਤੇ ਆਪਣਾ ਜੀਵਨ ਗੁਰਸਿੱਖੀ ਅਨੁਕੂਲ ਬਿਤਾ ਰਿਹਾ ਹੋਵੇ।

ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਐਸ ਜੀ ਪੀ ਸੀ ਦੀ ਧਰਮ ਪ੍ਰਚਾਰ ਕਮੇਟੀ ਗੁਰਦੁਆਰਿਆਂ ਦੇ ਇਤਿਹਾਸ ਨਾਲ, ਉਨ੍ਹਾਂ ਬਾਰੇ ਇਤਿਹਾਸਿਕ ਖੋਜ ਨਾਲ

ਤੇ ਉਥੇ ਹੁੰਦੀ ਮਰਿਆਦਾ ਨਾਲ ਸਬੰਧਿਤ ਕੰਮ ਕਰਦੀ ਹੈ। ਐਸ.ਜੀ.ਪੀ.ਸੀ. ਦੀ ਇਹ ਕਮੇਟੀ ਧਰਮ ਬਾਰੇ ਨੀਤੀਆਂ, ਅਸੂਲ ਤੇ ਮਰਿਯਾਦਾ ਬਣਾਉਣ ਦਾ ਕੰਮ ਵੀ ਕਰਦੀ ਹੈ। ਅਕਾਲ ਤਖਤ ਸਾਹਿਬ ਦੀ ਧਰਮ ਪ੍ਰਚਾਰ ਕਮੇਟੀ ਧਰਮ ਦੇ ਉਨ੍ਹਾਂ ਮਸਲਿਆਂ ਨਾਲ ਡੀਲ ਕਰਦੀ ਹੈ ਜੋ ਲੋਕਾਂ ਦੇ ਮਨ ਵਿਚ ਸ਼ੰਕੇ ਪੈਦਾ ਕਰਦੇ ਹਨ। ਅਗਰ ਸ਼ੰਕੇ ਵਾਲਾ ਕੋਈ ਮਸਲਾ ਜਾਂ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਦਾ ਮਾਮਲਾ ਐਸ ਜੀ ਪੀ ਸੀ ਜਾਂ ਕਿਸੇ ਹੋਰ ਸੂਬੇ ਦੀ ਕਮੇਟੀ ਕੋਲ ਆਉਂਦਾ ਹੈ ਤਾਂ ਉਸਦਾ ਪ੍ਰਧਾਨ ਜਵਾਬ ਦੇ ਕੇ ਮਸਲਾ ਉਠਾਉਣ ਵਾਲੇ ਦੀ ਤੱਸਲੀ ਕਰ ਸਕਦਾ ਹੈ। ਪਰ ਅਗਰ ਉਸ ਨੂੰ ਲਗਦਾ ਹੈ ਕਿ ਇਸ ਮਸਲੇ ਤੇ ਉੱਤਰ ਦੇਣ ਤੋਂ ਪਹਿਲਾਂ ਉਸ ਨੂੰ ਤਖਤ ਜੱਥੇਦਾਰ ਬੋਰਡ ਦੀ ਐਡਵਾਇਜ਼ਰੀ ਕਮੇਟੀ ਨੂੰ ਰੇਫਰ ਕਰਨਾ ਚਾਹੀਦਾ ਹੈ ਤਾਂ ਮਸਲਾ ਉਥੇ ਭੇਜ ਕੇ ਉਨ੍ਹਾਂ ਦੀ ਲਿਖਤ ਸਲਾਹ ਦੇ ਆਧਾਰ 'ਤੇ ਉਹ ਜਵਾਬ ਦੇ ਸਕਦਾ ਹੈ। ਐਡਵਾਇਜ਼ਰੀ ਕਮੇਟੀ ਇਸ ਮਸਲੇ ਨੂੰ ਉਸ ਤਰ੍ਹਾਂ ਹੀ ਡੀਲ ਕਰੇਗੀ ਜਿਸ ਤਰ੍ਹਾਂ ਕਿ ਕੋਈ ਮਸਲਾ ਉਸ ਕੋਲ ਕਿਸੇ ਵੀ ਤਖਤ ਦੇ ਜੱਥੇਦਾਰ ਕੋਲੋਂ ਆਉਂਦਾ ਹੈ। ਦੋਨੋਂ ਕਮੇਟੀਆਂ ਦੇ ਕੰਮ ਦੀ ਸਥਿਤੀ ਨੂੰ ਸਪੱਸ਼ਟ ਕਰਨ ਲਈ ਕੁਝ ਮਿਸਾਲਾਂ ਦੇ ਸਕਦੇ ਹਾਂ। ਮਿਸਾਲ ਦੇ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਕਿੱਥੇ ਅਤੇ ਕਿਸ ਤਰ੍ਹਾਂ ਛਾਪੀਆਂ ਜਾਣ ਅਤੇ ਉਹਨਾਂ ਨੂੰ ਲਿਜਾਣ ਬਾਰੇ ਕਿਸ ਤਰ੍ਹਾਂ ਦੇ ਕਦਮ ਚੁੱਕੇ ਜਾਣ। ਇਸ ਬਾਰੇ ਰੂਲ ਐਸ ਜੀ ਪੀ ਸੀ ਕਮੇਟੀ ਨੇ ਬਣਾਉਣੇ ਹਨ। ਪਰ ਅਗਰ ਕੋਈ ਵਿਅਕਤੀ ਜਿਵੇਂ ਕਿ ਸ੍ਰ: ਦਰਸ਼ਨ ਸਿੰਘ ਅਕਾਲ ਤਖਤ ਸਾਹਿਬ ਨੂੰ ਇਹ ਪ੍ਰਸ਼ਨ ਪਾਉਂਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬੀੜ ਆਪਣੀ ਕਾਰ ਵਿੱਚ ਗਵਾਲੀਅਰ ਲਿਜਾਣਾ ਚਾਹੁੰਦਾ ਹੈ ਕੀ ਉਹ ਇਸ ਤਰ੍ਹਾਂ ਕਰ ਸਕਦਾ ਹੈ ਤਾਂ ਇਸਦਾ ਉੱਤਰ ਜਥੇਦਾਰ ਸਾਹਿਬ ਵੱਲੋਂ ਹੀ ਜਾਵੇਗਾ। ਇਥੇ ਇਹ ਸਪੱਸ਼ਟ ਕਰ ਦਿੰਦੇ ਹਾਂ ਕਿ ਇਸ ਜਵਾਬ ਨੂੰ ਬਨਾਉਣ ਵਿੱਚ ਐਡਵਾਈਜਰੀ ਕਮੇਟੀ ਜੋ ਭੂਮਿਕਾ ਨਿਭਾਉਂਦੀ ਹੈ ਉਸ ਵਿਚ ਅਸਿੱਧੇ ਤੌਰ 'ਤੇ ਐਸ ਜੀ ਪੀ ਸੀ ਦੇ ਪ੍ਰਧਾਨ ਤੇ ਦੋਨੋਂ ਧਰਮ ਪ੍ਰਚਾਰ ਕਮੇਟੀਆਂ ਦੇ ਸਕੱਤਰ ਵੀ ਯੋਗਦਾਨ ਪਾਉਂਦੇ ਹਨ। ਸੋ ਇਕ ਕਿਸਮ ਦਾ ਇਹ ਫੈਸਲਾ ਨੀਤੀ ਨਾਲ ਹੀ ਜੁੜ ਜਾਂਦਾ ਹੈ। ਅਗਰ ਐਸ ਜੀ ਪੀ ਸੀ ਇਹ ਰੂਲ ਬਣਾਵੇ ਕਿ ਸਾਰੇ ਲੰਗਰ ਪੰਗਤ ਵਿੱਚ ਥੱਲੇ ਬੈਠ ਕੇ ਹੀ ਖਾਣ ਤੇ ਜਥੇਦਾਰ ਸਾਹਿਬ ਨੂੰ ਕਿਹਾ ਜਾਵੇ ਕਿ ਇਸ ਬਾਰੇ ਹੁਕਮਨਾਮਾ ਜਾਰੀ ਕੀਤਾ ਜਾਵੇ ਤਾਂ ਹੁਕਮਨਾਮਾ ਜਾਰੀ ਕਰਨ ਵੇਲੇ ਵੀ ਸਾਰੇ ਜਥੇਦਾਰ ਤੇ ਐਡਵਾਈਜ਼ਰੀ ਕਮੇਟੀ ਦੁਆਰਾ ਐਸ ਜੀ ਪੀ ਸੀ ਤੇ ਹੋਰ ਕਮੇਟੀਆਂ ਦੀ ਰਾਇ ਇਕੱਠੇ ਹੋ ਕੇ ਕੌਮ ਦੇ ਲਈ ਦਿਸ਼ਾ ਨਿਰਦੇਸ਼ਕ ਫੈਸਲਾ ਬਣਦਾ ਹੈ।

## ਲੋਕਾਂ ਦੇ ਧਾਰਮਿਕ ਪ੍ਰਸ਼ਨਾਂ ਬਾਰੇ ਫੈਸਲੇ

ਇਥੇ ਇਕ ਪ੍ਰਸ਼ਨ ਉਠ ਸਕਦਾ ਹੈ ਕਿ ਕਮੇਟੀਆਂ ਦੇ ਪ੍ਰਧਾਨ ਤੇ ਤਖਤਾਂ ਦੇ ਜੱਥੇਦਾਰ ਹਰੇਕ ਨੂੰ ਇਹ ਹੱਕ ਕਿਉਂ ਦਿੱਤਾ ਗਿਆ ਹੈ ਕਿ ਉਹ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣ। ਇਹ ਇਸ ਕਰਕੇ ਹੈ ਕਿ ਕਮੇਟੀਆਂ ਤੇ ਤਖਤਾਂ ਨੂੰ ਮਿਲਾ ਕੇ ਇਹੋ ਜਿਹੇ 20-25 ਅਸਥਾਨ ਹੀ ਹੋਣਗੇ ਜਿੱਥੇ ਲੋਕ ਕੋਈ ਜਾਣਕਾਰੀ ਲੈਣ ਲਈ ਜਾਂ ਆਪਣੇ ਸ਼ੰਕੇ ਨਿਵਰਿਤ ਕਰਨ ਲਈ ਪ੍ਰਸ਼ਨ ਭੇਜਣਗੇ। ਸਾਡੇ ਖਿਆਲ ਅਨੁਸਾਰ ਸਾਰੀ ਦੁਨੀਆ ਦੇ ਸਿੱਖਾਂ ਲਈ ਇਹ ਗਿਣਤੀ ਬਹੁਤ ਥੋੜੀ ਹੈ। ਜੱਦ ਹਰ ਸਿੱਖ ਪ੍ਰਚਾਰਕ ਹੈ ਤਾਂ ਸਿੱਖਾਂ ਦੁਆਰਾ ਚੁਣੇ ਹੋਏ ਧਰਮ ਨਾਲ ਸਬੰਧਤ ਇਹ ਵੱਡੇ ਅਹੁਦੇਦਾਰ ਉਨ੍ਹਾਂ ਦੇ ਮਨ ਦੀ ਤੱਸਲੀ ਕਿਉਂ ਨਹੀਂ ਕਰ ਸਕਦੇ। ਫਿਰ ਸਾਡੇ ਸਿਸਟਮ ਵਿਚ ਇਨ੍ਹਾਂ ਦੇ ਖਿਆਲਾਂ ਵਿਚ ਕੋਈ ਟਕਰਾਉ ਨਹੀਂ। ਕਿਉਂਕਿ ਹਰ ਟਕਰਾਵ ਦਾ ਮਾਮਲਾ ਆਖਿਰ ਵਿਚ ਐਡਵਾਇਜ਼ਰੀ ਕਮੇਟੀ ਕੋਲ ਹੀ ਜਾਂਦਾ ਹੈ ਤੇ ਐਡਵਾਇਜ਼ਰੀ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਕਮੇਟੀਆਂ, ਧਰਮ ਪ੍ਰਚਾਰ ਕਮੇਟੀ ਦੇ ਹੈਡ ਦੇ ਪੱਤਵੰਤੇ ਸਿੱਖਾਂ ਦੀ ਬਾਡੀ ਹੈ। ਫਿਰ ਐਡਵਾਇਜ਼ਰੀ ਕਮੇਟੀ ਦਾ ਫੈਸਲਾ ਸਾਰੇ ਤਖਤਾਂ ਦੇ ਜੱਥੇਦਾਰਾਂ ਨੇ ਮਨ ਕੇ ਉਸ ਤੇ ਦਸਤਖਤ ਕਰਨੇ ਹਨ। ਸਾਡੇ ਲਈ ਇਹ ਧਾਰਮਿਕ ਮਾਮਲਿਆਂ ਦੀ ਸੁਪਰੀਮ ਕੋਰਟ ਹੈ ਜੱਦਕਿ ਬਾਕੀ ਕਮੇਟੀਆਂ ਦੇ ਪ੍ਰਧਾਨ ਤੇ ਤਖਤਾਂ ਦੇ ਜੱਥਦੇਾਰ (ਇਕਲੇ-ਇਕਲੇ)

ਹਾਈ ਕੋਰਟ ਹਨ ਤੇ ਉਨ੍ਹਾਂ ਤੋਂ ਥੱਲੇ ਸਿੱਖ ਧਰਮ ਪ੍ਰਚਾਰਕ ਸੇਵਾ ਦੇ ਅਫਸਰ ਲੋਵਰ ਕੋਰਟਸ ਹਨ। ਇਸ ਕਰਕੇ ਕਿਸੇ ਤਰ੍ਹਾਂ ਦਾ ਕੋਈ ਟਕਰਾਵ ਖਿਆਲਾਂ ਵਿਚ ਨਹੀਂ ਹੋ ਸਕਦਾ। ਅਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਸੇ ਧਾਰਮਿਕ ਮਸਲੇ ਤੇ ਕੋਈ ਜਵਾਬ ਦੇਂਦੇ ਹਨ ਅਤੇ ਜਿਗਆਸੂ ਦੀ ਉਸ ਨਾਲ ਤੱਸਲੀ ਨਹੀਂ ਹੁੰਦੀ ਜਾਂ ਕਿਸੇ ਹੋਰ ਸਿੱਖ ਦੀ ਉਸ ਉੱਤਰ ਨਾਲ ਸਹਿਮਤੀ ਨਹੀਂ ਹੈ ਤਾਂ ਉਹ ਸਿੱਧੇ ਵੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਨੂੰ ਫੋਨ ਕਰ ਸਕਦੇ ਹਨ ਜਿਸ ਮਸਲੇ 'ਤੇ ਐਡਵਾਇਜ਼ਰੀ ਕਮੇਟੀ ਦੀ ਸਲਾਹ ਨਾਲ ਫਿਰ ਵਿਚਾਰ ਹੋ ਸਕਦਾ ਹੈ। ਤਖਤ ਜੱਥੇਦਾਰ ਬੋਰਡ ਦਾ ਫੈਸਲਾ ਅੰਤਿਮ ਫੈਸਲਾ ਹੈ ਹੋਰ ਕਿਸੇ ਵੀ ਸਿੱਖ ਨੂੰ ਉਸ ਤੇ ਕਿੰਤੂ ਪਰੰਤੂ ਕਰਨ ਦਾ ਹੱਕ ਨਹੀਂ।

## ਸਿੱਖ ਧਰਮ ਪ੍ਰਚਾਰਕ ਸਰਵਿਸ (ਐਸ ਡੀ ਪੀ ਐਸ)

ਸਿੱਖ ਧਰਮ ਪ੍ਰਚਾਰਕ ਸੇਵਾ ਸਾਡੇ ਢਾਂਚੇ ਦਾ ਬਹੁਤ ਵੱਡਾ ਸਤੰਭ ਹੈ। ਇਸ ਨੂੰ ਪੀ ਸੀ ਐਸ ਦੀ ਰੂਪ ਰੇਖਾ ਤੇ ਉਲੀਕਿਆ ਜਾ ਰਿਹਾ ਹੈ ਪਰ ਇਹ ਸਟੇਟ ਕੈਡਰ ਦੀ ਥਾਂ ਆਲ ਇੰਡੀਆ ਸਰਵਿਸ ਵਾਂਗੂੰ ਹੋਵੇਗੀ। ਕੋਈ ਸਿੱਖ ਜਿਸ ਦੀ ਉਮਰ 21 ਸਾਲ ਤੋਂ 24 ਸਾਲ ਤਕ ਹੋਵੇਗੀ ਅਤੇ ਜੋ ਬੀ.ਏ. ਪਾਸ ਹੋਵੇਗਾ ਇਸ ਸੇਵਾ ਦੇ ਕੰਪੀਟੇਟਿਵ ਇਮਤਿਹਾਨ ਵਿਚ ਬੈਠ ਸਕੇਗਾ। ਉਸ ਲਈ ਉਸ ਨੂੰ ਜਰਨਲ ਅਵੇਅਰਨੈਸ ਤੇ ਪੰਜਾਬੀ ਦੇ ਕੰਪਲਸਰੀ ਪੇਪਰ ਤੋਂ ਇਲਾਵਾ ਕੋਈ ਹੋਰ ਦੋ ਸਬਜੇਕਟ ਆਪਣੀ ਪਸੰਦ ਦੇ ਚੁਨਣੇ ਪੈਣਗੇ। ਚਾਰ ਪੇਪਰਾਂ ਦੇ ਆਧਾਰ 'ਤੇ ਜੋ ਨਤੀਜਾ ਨਿਕਲੇਗਾ ਉਸ ਤੋਂ ਬਾਦ ਇੰਟਰਵਿਊ ਤੇ ਮੈਡੀਕਲ ਕਰਨ ਤੋਂ ਬਾਦ ਜਿੰਨੇ ਧਰਮ ਪ੍ਰਚਾਰਕ ਲੁੜੀਂਦੇ ਹੋਣਗੇ, ਉਨ੍ਹਾਂ ਦੀ ਚੋਣ ਕੀਤੀ ਜਾਏਗੀ।

ਇਸ ਸੇਵਾ ਨਾਲ ਸਬੰਧਤ ਸਾਰਾ ਕੰਮ ਇਮਤਿਹਾਨ ਲੈਣ ਤੋਂ ਲੈ ਕੇ ਉਨ੍ਹਾਂ ਦੀਆਂ ਪੋਸਟਿੰਗ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰੇਗੀ (ਦੂਸਰੇ ਸ਼ਬਦਾਂ ਵਿਚ ਉਸ ਦੀ ਐਸ ਡੀ.ਪੀ. ਐਸ. ਕਮਿਸ਼ਨ) ਇਸ ਕਰਕੇ ਇਮਤਿਹਾਨ ਤੋਂ ਦੋ ਮਹੀਨੇ ਪਹਿਲਾਂ ਸਾਰਿਆਂ ਸੂਬਿਆਂ ਦੀਆਂ ਕਮੇਟੀਆਂ ਐਸ ਜੀ ਪੀ ਸੀ ਨੂੰ ਲਿਖਤ ਰੂਪ ਵਿਚ ਭੇਜਣਗੀਆਂ ਕਿ ਉਨ੍ਹਾਂ ਨੂੰ ਧਰਮ ਪ੍ਰਚਾਰਕ ਅਫਸਰ ਕਿੰਨੇ ਅਤੇ ਕਿੱਥੇ ਕਿੱਥੇ ਚਾਹੀਦੇ ਹਨ। ਮਿਸਾਲ ਦੇ ਤੌਰ 'ਤੇ ਰਾਜਸਥਾਨ ਦੀ ਕਮੇਟੀ ਆਪਣੇ ਸੂਬੇ ਵਿਚ ਉਹਨਾਂ ਸ਼ਹਿਰਾਂ ਦੀ ਲਿਸਟ ਬਣਾਏਗੀ ਜਿਥੇ ਉਹ ਸਿੱਖ ਧਰਮ ਦੇ ਪ੍ਰਚਾਰ ਦੀ ਲੋੜ ਜ਼ਿਆਦਾ ਮਹਿਸੂਸ ਕਰਦੇ ਹੈ। ਫਿਰ ਉਥੋਂ ਦੇ ਰਕਬੇ ਤੇ ਕੁਲ ਜਨ ਸੰਖਿਆ, ਗੁਰਦੁਆਰੇ ਤੇ ਸਿੱਖਾਂ ਦੀ ਜਨ ਸੰਖਿਆ ਨੂੰ ਮੱਧੇ ਨਜ਼ਰ ਰੱਖਦੇ ਹੋਏ ਇਹ ਫੈਸਲਾ ਕਰੇਗੀ ਕਿ ਉਦੈ ਪੁਰ ਵਿਚ ਇਕ ਪ੍ਰਚਾਰਕ ਚਾਹੀਦਾ ਹੈ, ਜੋਧਪੁਰ ਵਿਚ ਇਕ ਪ੍ਰਚਾਰਕ ਚਾਹੀਦਾ ਹੈ, ਜੈਪੁਰ ਵਿਚ ਦੋ ਚਾਹੀਦੇ ਹਨ ਤੇ ਇਸ ਤਰ੍ਹਾਂ ਹੋਰ ਸ਼ਹਿਰਾਂ ਵਿਚ ਗਿਣਤੀ ਦੇ ਕੇ ਕੁਲ 12 ਪ੍ਰਚਾਰਕਾਂ ਦੀ ਲੋੜ ਹੈ। ਜਦੋਂ ਹਰ ਸੂਬਾਈ ਕਮੇਟੀ ਆਪਣੀ ਜ਼ਰੂਰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸ ਦਵੇਗੀ ਤਾਂ ਕੁਲ ਜ਼ਰੂਰਤ ਨੂੰ ਮੁੱਖ ਰਖਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨੀਆਂ ਪੋਸਟਾਂ ਐਨਾਉਂਸ ਕਰੇਗੀ। ਮੰਨ ਲਵੋਂ ਧਰਮ ਪ੍ਰਚਾਰਕਾਂ ਦੀਆਂ ਕੁਲ ਪੋਸਟਾਂ 60 ਹਨ ਪਰ ਕੰਪੀਟਿਸ਼ਨ ਵਿਚ ਬੈਠਣ ਵਾਲੇ ਬੰਦੇ 60 ਨਹੀਂ ਮਿਲਦੇ ਤਾਂ ਕੰਪੀਟਿਸ਼ਨ ਕਰਵਾਏ ਬਿਨਾਂ ਵੀ ਜਿੰਨੇ ਬੰਦੇ ਮਿਲਦੇ ਹਨ ਉਨ੍ਹਾਂ ਨੂੰ ਇਨ੍ਹਾਂ ਪੋਸਟਾਂ ਤੇ ਲਗਾਇਆ ਜਾ ਸਕਦਾ ਹੈ। ਇਹੋ ਜਿਹੀ ਹਾਲਤ ਸ਼ੁਰੂ ਸ਼ੁਰੂ ਵਿਚ ਹੋਵੇਗੀ, ਬਾਦ ਵਿਚ ਇਮਤਿਹਾਨ ਦੇਣ ਵਾਲਿਆਂ ਦਾ ਨੰਬਰ ਵੱਧਦਾ ਜਾਏਗਾ। ਕਿਉਂਕਿ ਜੱਦੋਂ ਇਕ ਵਾਰ ਪੋਸਟਾਂ ਹੋਂਦ ਵਿਚ ਆ ਜਾਣਗੀਆਂ ਤਾਂ ਲੋਕਾਂ ਨੂੰ ਉਨ੍ਹਾਂ ਬਾਰੇ ਪਤਾ ਲਗੇਗਾ ਤਾਂ ਉਨ੍ਹਾਂ ਪੋਸਟਾਂ ਦੇ ਸਟੇਟਸ ਬਾਰੇ ਕੰਮ ਬਾਰੇ ਤੇ ਉਨ੍ਹਾਂ ਦੀ ਮੱਹਤਤਾ ਬਾਰੇ ਲੋਕਾਂ ਵਿਚ ਜਾਣਕਾਰੀ ਵਧੇਗੀ। ਸ਼ੁਰੂ ਸ਼ੁਰੂ ਵਿਚ ਤਾਂ ਆਈ ਏ ਐਸ ਦੇ ਇਮਤਿਹਾਨ ਵਿਚ ਬੈਠਣ ਵਾਲੇ ਲੋਕ ਵੀ ਘੱਟ ਸਨ ਪਰ ਅੱਜ ਇਹ ਗਿਣਤੀ ਲੱਖਾਂ ਵਿਚ ਹੋ ਗਈ ਹੈ।

## ਐਸ ਡੀ ਪੀ ਐਸ ਦਾ ਸਟੇਟਸ, ਪ੍ਰਮੋਸ਼ਨਾਂ ਆਦਿ ਬਾਰੇ

ਐਸ ਡੀ ਪੀ ਐਸ ਦੇ ਅਫਸਰ ਸ਼ੁਰੂ ਵਿਚ ਸਿੱਖ ਧਰਮ ਪ੍ਰਚਾਰਕ ਦੇ ਤੌਰ 'ਤੇ ਸੱਭ ਜ਼ਰੂਰੀ ਅਸਥਾਨਾਂ ਤੇ ਲਗਾਏ ਜਾਣਗੇ। ਸੱਭ ਜ਼ਰੂਰੀ ਅਸਥਾਨਾਂ ਦਾ ਮਤਲਬ ਇਹ ਨਹੀਂ ਕਿ ਜਿੱਥੇ ਗੁਰਦੁਆਰੇ ਜਾਂ ਸਿੱਖਾਂ ਦੀ ਗਿਣਤੀ ਜ਼ਿਆਦਾ ਹੈ ਬਲਕਿ ਜਿੱਥੇ ਪ੍ਰਚਾਰ ਦੀ ਲੋੜ ਜ਼ਿਆਦਾ ਹੈ। ਪੰਜਾਬ ਦੇ ਵੀ ਕਈ ਐਸੇ ਇਲਾਕੇ ਹਨ ਜਿੱਥੇ ਕੋਈ ਪ੍ਰਚਾਰ ਨਹੀਂ ਤੇ ਹਰ ਸਿੱਖ ਪਰਿਵਾਰ ਵਿਚ ਲੋਕ ਪਤਿਤ ਹੋ ਰਹੇ ਹਨ ਤੇ ਨਸ਼ਿਆਂ ਦੇ ਸ਼ਿਕਾਰ। ਜੇ ਅਸੀਂ ਛਤੀਸਗੜ ਦੇ ਰਾਏ ਪੁਰ ਦੇ ਇਲਾਕੇ ਨੂੰ ਦੇਖੀਏ ਤਾਂ ਉਥੇ ਸੈਂਕੜੇ ਪਰਿਵਾਰ ਇਹੋ ਜਿਹੇ ਹਨ ਜਿਹੜੇ ਸਿੱਖੀ ਸਰੂਪ ਵਿਚ ਨਹੀਂ ਹਨ ਪਰ ਜਿਹੜੇ ਗੁਰੂ ਘਰ ਅਤੇ ਗੁਰਬਾਣੀ ਵਿਚ ਆਸਥਾ ਰੱਖਦੇ ਹਨ। ਐਸੇ ਬਹੁਤ ਸਾਰੇ ਲੋਕ ਜਿਵੇਂ ਸਤਨਾਮੀਏ, ਸਿਕਲੀਗਰ ਆਦਿ ਸਿੱਖੀ ਸਰੂਪ ਵਿਚ ਆ ਸਕਦੇ ਹਨ ਜੇ ਉਨ੍ਹਾਂ ਨੂੰ ਪਿਆਰ ਮੁਹੱਬਤ ਤੇ ਸਿੱਖ ਧਰਮ ਦੀ ਜਾਣਕਾਰੀ ਪੂਰੀ ਤਰ੍ਹਾਂ ਮਿਲੇ। ਹਾਲੇ ਕਿਉਂਕਿ ਕੋਈ ਐਸਾ ਸਿਸਟਮ ਨਹੀਂ ਜਿਸ ਨਾਲ ਇਨ੍ਹਾਂ ਨਾਲ ਸਾਰੇ ਲੋਕਾਂ ਨੂੰ ਸਿੱਖ ਧਰਮ ਦੀ ਮੁੱਖ ਧਾਰਾ ਵਿਚ ਲਿਆਂਦਾ ਜਾ ਸਕੇ, ਜੋ ਉਦਮ ਉੱਥੋਂ ਦੇ ਲੋਕਲ ਸਿੱਖ ਕਰ ਵੀ ਰਹੇ ਹਨ। ਉਹ ਉਨ੍ਹਾਂ ਉਦਮਾਂ ਨੂੰ ਲੋਜੀਕਲ ਢੰਗ ਨਾਲ ਸਿਖਰ ਤੇ ਨਹੀਂ ਪਹੁੰਚਾ ਸਕਦੇ। ਉਨ੍ਹਾਂ ਵਿਚੋਂ ਕੁਝ ਤਾਂ ਐਸੇ ਹਨ ਜੋ ਸਿਰਫ ਆਪਣੇ ਕੰਮ ਨੂੰ ਲੋਕਾਂ ਵਿਚ ਵਧਾਉਣ ਲਈ ਜਾਂ ਪੰਜਾਬੀਆਂ ਵਿਚ ਕੋਈ ਰੁਤਬਾ ਹਾਸਿਲ ਕਰਨ ਲਈ ਕਮਜੋਰ ਢੰਗ ਨਾਲ ਐਸੇ ਉਦਮ ਕਰੀ ਜਾ ਰਹੇ ਹਨ। ਜ਼ਰੂਰਤ ਹੈ ਇਕ ਪੂਰੀ ਚੇਨ ਦੀ। ਸਾਡੇ ਸਿੱਖ ਧਰਮ ਪ੍ਰਚਾਰ ਜੋ ਕਿ ਸੈਂਟਰਲ ਗੌਰਮੇਂਟ ਦੇ ਕੈਡਰ ਢਾਂਚੇ ਅਨੁਸਾਰ ਕਲਾਸ 2 ਅਫਸਰ ਹੋਣਗੇ ਤੇ ਜਿਨ੍ਹਾਂ ਦੀਆਂ ਤਨਖਾਵਾਂ ਸੈਕਸ਼ਨ ਅਫਸਰ ਜਿਨ੍ਹੀਆਂ ਹੋਣਗੀਆਂ, ਉਨ੍ਹਾਂ ਲਈ ਪ੍ਰਚਾਰ ਦਾ ਕੰਮ ਜਿੱਥੇ ਇਕ ਸੇਵਾ ਹੋਵੇਗੀ ਉਥੇ ਹੀ ਆਪਣੇ ਕੈਰਿਅਰ ਵਿਚ ਅੱਗੇ ਵਧਣ ਦੀ ਇਕ ਲੋੜ ਵੀ ਹੋਵੇਗੀ, ਇਸ ਕਰਕੇ ਉਹ ਇਸ ਨੂੰ ਪੂਰੇ ਜੋਸ਼ ਨਾਲ ਇੱਕ ਦੂਜੇ ਦਾ ਮੁਕਾਬਲਾ ਕਰਦੇ ਹੋਏ ਕਰਨਗੇ। ਉਨ੍ਹਾਂ ਦਾ ਕੰਮ ਟਾਰਗੇਟ ਤੇ ਆਧਾਰਤ ਹੋਵੇਗਾ ਤੇ ਉਨ੍ਹਾਂ ਦੇ ਕੰਮ ਦਾ ਮੁਲਾਂਕਨ ਉਨ੍ਹਾਂ ਦੇ ਸੀਨੀਅਰਸ ਕਰਨਗੇ। ਕੋਈ ਵੀ ਸਿੱਖ ਧਰਮ ਪ੍ਰਚਾਰਕ ਕੋਲ ਦੋ ਸ਼ਹਿਰਾਂ ਤੋਂ ਜ਼ਿਆਦਾ ਏਰਿਆ ਨਹੀਂ ਹੋਵੇਗਾ। ਰਾਏਪੁਰ ਵਰਗੇ ਸ਼ਹਿਰ ਵਿਚ ਤਾਂ ਸਿਰਫ ਰਾਏਪੁਰ ਲਈ ਹੀ ਇਕ ਸਿੱਖ ਧਰਮ ਪ੍ਰਚਾਰਕ ਸ਼ਾਇਦ ਘੱਟ ਪੈ ਜਾਵੇ। ਸੋ ਇਹੋ ਜਿਹੇ ਸ਼ਹਿਰਾਂ ਵਿਚ ਜੇ ਜ਼ਰੂਰਤ ਪਵੇ ਤਾਂ ਦੋ ਸਿੱਖ ਧਰਮ ਪ੍ਰਚਾਰਕ ਵੀ ਲਗਾਏ ਜਾ ਸਕਦੇ ਹਨ। ਜਿਸ ਤਰ੍ਹਾਂ ਉਤੇ ਦੱਸਿਆ ਜਾ ਚੁਕਿਆ ਹੈ ਕਿ ਪਹਿਲੇ ਸਾਲ ਸਾਰੀਆਂ ਕਮੇਟੀਆਂ ਤੋਂ ਮਿਲੀਆਂ ਰਿਪੋਰਟਾਂ ਦੇ ਆਧਾਰ 'ਤੇ ਵਿਕੇਂਸੀ ਪੋਜ਼ੀਸ਼ਨ ਸਪਸ਼ਟ ਹੋ ਜਾਵੇਗੀ।

ਸਿੱਖ ਧਰਮ ਪ੍ਰਚਾਰਕ ਜੱਥੋਂ ਕੰਪੀਟਿਸ਼ਨ ਇਮਤਿਹਾਨ ਪਾਸ ਕਰ ਲੈਣਗੇ ਜਾਂ ਉਸ ਤੋਂ ਬਿਨ੍ਹਾਂ ਹੀ ਇੰਟਰਵਿਓ ਦੇ ਆਧਾਰ ਤੇ ਚੁਣੇ ਜਾਣਗੇ ਤਾਂ ਪੋਸਟਿੰਗ ਤੋਂ ਪਹਿਲਾਂ ਉਨ੍ਹਾਂ ਦੀ ਇਕ ਸਾਲ ਅੰਮ੍ਰਿਤਸਰ ਵਿੱਖੇ ਟਰੇਨਿੰਗ ਹੋਵੇਗੀ। ਇਸ ਟਰੇਨਿੰਗ ਦੌਰਾਨ ਚਾਰ ਸਬਜੈਕਟ ਪੜ੍ਹਾਏ ਜਾਣਗੇ, ਸਿੱਖ ਹਿਸਟਰੀ, ਸਟਡੀ ਆਫ ਗੁਰੂ ਗ੍ਰੰਥ ਸਾਹਿਬ, ਅਦਰ ਸਿੱਖ ਸਕ੍ਰੀਪਚਰਜ਼, ਤੇ ਕੰਪੇਰਟਿਵ ਸਟਡੀ ਆਫ ਰਿਲਿਜ਼ਨਸ। 11 ਮਹੀਨੇ ਤੱਕ ਹਫਤੇ 'ਚ 5 ਦਿਨ ਜਿੱਥੇ ਇਨ੍ਹਾਂ ਸਬਜੇਕਟਸ ਦੀਆਂ ਕਲਾਸਾਂ ਲਗਣਗੀਆਂ ਉਥੇ ਹੀ ਉਨ੍ਹਾਂ ਨੂੰ ਪ੍ਰੈਕਟੀਕਲ ਟਰੇਨਿੰਗ ਜਿਵੇਂ ਕਿ ਸੰਗਤ ਵਿਚ ਲੈਕਚਰ ਦੇਣਾ, ਲੰਗਰ ਦੀ ਸੇਵਾ ਕਰਨੀ, ਕਿਸੇ ਸਬਜੇਕਟ ਤੇ ਵਿਚਾਰ-ਵਟਾਂਦਰਾ ਕਰਨਾ ਆਦਿ ਦੇ ਰੂਪ ਵਿਚ ਦਿੱਤੀ ਜਾਏਗੀ। ਮਹੀਨੇ ਵਿਚ ਇਕ ਵਾਰ ਉਨ੍ਹਾਂ ਨੂੰ ਅਲੱਗ ਅਲੱਗ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਵਾਏ ਜਾਣਗੇ ਤੇ ਉਨ੍ਹਾਂ ਦੀ ਮਹਤੱਤਾ ਬਾਰੇ ਦੱਸਿਆ ਜਾਏਗਾ। 11 ਮਹੀਨੇ ਬਾਦ ਉਨ੍ਹਾਂ ਨੂੰ ਇਕ ਟੋਪਿਕ ਦਿੱਤਾ ਜਾਏਗਾ ਜਿਸ ਤੇ ਉਨ੍ਹਾਂ ਨੇ ਸਟਡੀ ਕਰਕੇ ਮਿਟੀਰੀਅਲ ਇਕੱਠਾ ਕਰਕੇ ਇਕ ਥੀਸਿਸ ਤਿਆਰ ਕਰਨਾ ਹੈ। ਇਸ ਤੋਂ ਬਾਦ ਇਮਤਿਹਾਨ ਹੋਵੇਗਾ ਜਿਸ ਵਿਚ ਚਾਰ ਪੇਪਰਾਂ ਤੋਂ ਇਲਾਵਾ ਥੀਸਿਸ ਦੇ ਨੰਬਰ ਵਿਚ ਲੱਗਣਗੇ। ਉਸ ਤੋਂ ਬਾਦ ਇਕ ਮਹੀਨਾ ਹਰ ਟਰੇਨੀ ਨੂੰ ਪੰਜਾਬ ਦੇ ਪਿੰਡਾਂ ਵਿਚ ਪ੍ਰਚਾਰ ਕਰਨ ਲਈ

ਬਿਤਾਣਾ ਪਵੇਗਾ। ਇਸ ਸਮੇਂ ਦੌਰਾਨ ਉਸਨੂੰ ਇਕ ਜ਼ਿਲ੍ਹਾ ਦਿੱਤਾ ਜਾਵੇਗਾ ਤੇ ਉਸ ਜ਼ਿਲ੍ਹੇ ਦੇ ਕਮੇਟੀ ਦੇ ਮੈਂਬਰ ਪਿੰਡ ਸਿਲੈਕਟ ਕਰਨ ਲਈ ਉਸ ਦੀ ਮਦਦ ਕਰਨਗੇ। ਉਹ ਇਨ੍ਹਾਂ ਦਿਨਾਂ ਦੌਰਾਨ ਉਥੋਂ ਦੇ ਲੋਕਾਂ ਨਾਲ ਸੰਪਰਕ ਵਿਚ ਆਏਗਾ, ਉਨ੍ਹਾਂ ਨੂੰ ਪਤਿਤ ਪੁਣੇ ਤੇ ਨਸ਼ਿਆਂ ਦੇ ਵਿਰੁਧ ਭਾਸ਼ਣ ਦੇ ਕੇ ਜਾਂ ਹੋਰ ਕਿਸੇ ਵੀ ਢੰਗ ਨਾਲ ਪ੍ਰੇਰਿਤ ਕਰੇਗਾ। ਟਰੇਨੀ ਦੇ ਰਹਿਣ ਤੇ ਖਾਣ ਦਾ ਇੰਤਜ਼ਾਮ ਇਸ ਮਹੀਨੇ ਦੌਰਾਨ ਸਬੰਧਿਤ ਮੈਂਬਰ ਕਰਵਾਉਣਗੇ।

ਇਕ ਮਹੀਨੇ ਬਾਦ ਟਰੇਨੀ ਰਿਪੋਰਟ ਤਿਆਰ ਕਰੇਗਾ ਜਿਸ ਵਿਚ ਉਥੋਂ ਦੇ ਲੋਕਾਂ ਦੀ ਮਾਨਸਿਕਤਾ ਬਾਰੇ, ਰਹਿਣ-ਸਹਿਣ ਬਾਰੇ, ਪਤਿਤ ਪੁਣੇ ਦੇ ਕਾਰਣਾਂ ਬਾਰੇ, ਨਸ਼ਿਆਂ ਬਾਰੇ ਅਤੇ ਆਪਣੇ ਦੁਆਰਾ ਕੀਤੇ ਉਦਮਾਂ ਬਾਰੇ ਜ਼ਿਕਰ ਕਰੇਗਾ। ਉਹ ਰਿਪੋਰਟ ਟਰੇਨਿੰਗ ਡਾਇਰੈਕਟਰ ਨੂੰ ਭੇਜੇਗਾ। ਸਬੰਧਿਤ ਮੈਂਬਰ ਵੀ ਉਸ ਬਾਰੇ ਆਪਣੇ ਵਿਚਾਰ ਭੇਜਣਗੇ।ਇਹ ਸਾਰੀਆਂ ਚੀਜਾਂ ਨੂੰ ਮੁੱਖ ਰੱਖਦੇ ਹੋਏ ਡਾਇਰੈਕਟਰ ਉਸ ਦੀ ਰਿਪੋਰਟ ਲਿਖੇਗਾ। ਇਹ ਰਿਪਰੋਟਰ ਸਿੱਖ ਧਰਮ ਪ੍ਰਚਾਰਕ ਦੀ ਪਹਿਲੀ ਰਿਪੋਰਟ ਹੋਵੇਗੀ ਅਤੇ ਉਸ ਦੀ ਤੱਰਕੀ ਦੇ ਲਈ ਮਹੱਤਵਪੂਰਣ ਹੋਵੇਗੀ। ਇਸ ਤੋਂ ਬਾਅਦ ਸਾਰੇ ਅਫਸਰਾਂ ਦੀ ਪੋਸਟਿੰਗ ਹੋਵੇਗੀ ਅਤੇ ਉਹ ਆਪਣੇ ਆਪਣੇ ਪੋਸਟਿੰਗ ਅਸਥਾਨ ਤੇ ਚਲੇ ਜਾਣਗੇ। ਜੋ ਲੋਕ ਇਸ ਟਰੇਨਿੰਗ ਵਿਚ 50% ਤੋਂ ਘੱਟ ਨੰਬਰ ਲੈਣਗੇ ਉਨ੍ਹਾਂ ਨੂੰ ਇਕ ਸਾਲ ਦੇ ਅੰਦਰ ਅੰਦਰ ਇਹ ਇਮਤਿਹਾਨ ਦੁਬਾਰਾ ਦੇਣ ਦਾ ਮੌਕਾ ਦਿੱਤਾ ਜਾਏਗਾ। ਅਗਰ ਉਹ ਫਿਰ ਵੀ ਬਗੈਰ ਕਿਸੇ ਜਾਇਜ਼ ਕਾਰਨ ਦੇ ਇਹ ਇਮਤਿਹਾਨ ਪਾਸ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਨੌਕਰੀ ਵਿਚੋਂ ਕੱਢਿਆ ਜਾ ਸਕਦਾ ਹੈ। ਅਗਰ ਕੋਈ ਜਾਇਜ਼ ਕਾਰਨ ਜੋ ਜਾਂਦਾ ਹੈ ਤਾਂ ਐਸ ਜੀ ਪੀ ਸੀ ਡਾਰਇਰੇਕਟਰ ਟਰੇਨਿੰਗ ਦੀ ਰਿਪੋਰਟ ਲੈਣ ਤੋਂ ਬਾਦ ਉਸਨੂੰ ਇਕ ਸਾਲ ਦਾ ਸਮਾਂ ਹੋਰ ਦੇ ਸਕਦੀ ਹੈ ਪਰ ਉਸਦੀ ਇੰਕਰੀਮੈਂਟ ਰੋਕ ਲਈ ਜਾਵੇਗੀ।

## ਪ੍ਰਮੋਸ਼ਨ ਤੋਂ ਪਹਿਲਾਂ ਹੋਰ ਟਰੇਨਿੰਗ

ਪੋਸਟਿੰਗ ਹੋਣ ਤੋਂ ਬਾਅਦ ਜਿਨ੍ਹਾਂ ਨੇ ਟਰੇਨਿੰਗ ਦਾ ਇਮਤਿਹਾਨ ਪਾਸ ਕਰਨ ਉਪਰੰਤ ਘੱਟੋਂ ਘੱਟ ਚਾਰ ਸਾਲ ਕੰਮ ਕਰ ਲਿਆ ਹੋਵੇਗਾ ਉਹ ਪ੍ਰਮੋਸ਼ਨ ਦੇ ਲਈ ਐਲੀਜੇਬਲ ਸਮਝੇ ਜਾਣਗੇ। ਪਰ ਪ੍ਰਮੋਸ਼ਨ ਤੋਂ ਪਹਿਲਾਂ ਉਨ੍ਹਾਂ ਦੀ ਇਕ ਹੋਰ ਟਰੇਨਿੰਗ ਅੰਮ੍ਰਿਤਸਰ ਤੋਂ ਇਲਾਵਾ ਦਿੱਲੀ ਜਾਂ ਕਿਸੇ ਤਖਤ ਅਸਥਾਨ ਤੇ ਹੋਵੇਗੀ (ਜਿਸਦਾ ਫੈਸਲਾ ਐਸ ਜੀ ਪੀ ਸੀ ਕਰੇਗੀ) ਉਸ ਟਰੇਨਿੰਗ ਦੌਰਾਨ ਵੀ ਚਾਰ ਪੇਪਰ ਹੋਣਗੇ, 1. ਸਿੱਖ ਸੰਗੀਤ, ਕਲਾ ਤੇ ਭਵਨ ਕਲਾ 2. ਦਸਮ ਗ੍ਰੰਥ, 3. ਭਾਈ ਗੁਰਦਾਸ, ਵਾਰਾਂ ਤੇ ਕਬਿਤ ਸਵਈਏ, 4. ਸਿੱਖ ਸਿਧਾਂਤ ਤੇ ਦਰਪੇਸ਼ ਸਮਸਿਆਵਾਂ (ਇਸ ਵਿਚ ਸਿੱਖ ਫਿਲਾਸਫੀ ਤੇ ਅੱਜ ਦੇ ਸਮੇਂ ਦੀਆਂ ਸਮਸਿਆਵਾਂ ਦਾ ਜ਼ਿਕਰ ਹੋਵੇਗਾ)। ਇਨ੍ਹਾਂ ਚਾਰ ਪੇਪਰਾਂ ਦੇ ਇਲਾਵਾ ਹਰ ਇਕ ਨੂੰ ਸ਼ੁੱਧ ਬਾਣੀ ਪੜ੍ਹਨ ਦੀ, ਕਥਾ ਜਾਂ ਕੀਰਤਨ ਕਰਨ ਦੀ ਪਰੇਕਟੀਕਲ ਟਰੇਨਿੰਗ ਵੀ ਦਿੱਤੀ ਜਾਏਗੀ। ਇਸ ਉਪਰੰਤ ਇਮਤਿਹਾਨ ਹੋਵੇਗਾ ਜਿਸ ਤੋਂ ਬਾਅਦ ਇਕ ਮਹੀਨਾ ਫਿਰ ਪੰਜਾਬ ਦੇ ਪਿੰਡਾਂ ਵਿਚ ਪ੍ਰਚਾਰਕ ਨੂੰ ਕਥਾ ਜਾਂ ਕੀਰਤਨ ਕਰ ਕੇ, ਜਾਂ ਸਿਖਾ ਕੇ ਪ੍ਰਚਾਰ ਕਰਨ ਲਈ ਕਿਹਾ ਜਾਏਗਾ। ਬਾਕੀ ਸਾਰੀਆਂ ਗੱਲਾਂ ਉਹੀ ਹੋਣਗੀਆਂ ਜੋ ਉਤੇ ਪਹਿਲੀ ਟਰੇਨਿੰਗ ਤੋਂ ਬਾਅਦ ਪਿੰਡਾਂ ਦੇ ਸਮੇਂ ਬਾਰੇ ਕੀਤੀਆਂ ਗਈਆਂ ਹਨ।

ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਜੋ ਬੰਦਾ ਦੂਸਰੀ ਟਰੇਨਿੰਗ ਦਾ ਇਮਤਿਹਾਨ ਪਾਸ ਨਹੀਂ ਕਰੇਗਾ ਉਸ ਨੂੰ ਪਰਮੋਸ਼ਨ ਨਹੀਂ ਮਿਲੇਗੀ, ਪਰਮੋਸ਼ਨ ਉਸ ਨੂੰ ਹੀ ਮਿਲੇਗੀ ਜੋ ਠੀਕ ਸਮੇਂ ਪਹਿਲੀ ਟਰੇਨਿੰਗ ਤੇ ਦੂਜੀ ਟਰੇਨਿੰਗ ਦੇ ਇਮਤਿਹਾਨ ਪਾਸ ਕਰੇਗਾ ਤੇ ਜਿਸ ਦੀ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਪਿਛਲੇ ਪੰਜ ਸਾਲਾਂ ਵਿਚ ਵੱਧੀਆਂ ਹੋਣਗੀਆਂ। ਪਰਮੋਸ਼ਨ ਸੀਨੀਓਰੀਟੀ ਵਾਈਜ਼ ਮਿਲੇਗੀ ਤੇ ਇਸ ਸੀਨੀਓਰੀਟੀ ਦਾ ਆਧਾਰ ਹੋਵੇਗਾ, ਕੰਪੀਟਿਸ਼ੀਨ ਵਿਚ ਰੈਂਕ ਤੇ ਉਸ ਤੋਂ ਬਾਅਦ ਪਹਿਲੀ ਟਰੇਨਿੰਗ ਵਿਚ ਪ੍ਰਾਪਤ ਕੀਤੇ ਹੋਏ ਅੰਕ। ਮਿਸਾਲ ਦੇ ਤੌਰ 'ਤੇ ਅਗਰ ਚਰਨਜੀਤ ਸਿੰਘ ਪੰਜਵੇਂ ਰੈਂਕ ਤੇ

ਕੰਪੀਟਿਸ਼ਨ ਵਿਚ ਆਉਂਦਾ ਹੈ ਪਰ ਛੇਵੇਂ ਰੈਂਕ ਤੇ ਆਉਣ ਵਾਲਾ ਵਿਦਿਆਰਥੀ ਕੰਪੀਟਿਸ਼ਨ ਤੇ ਪਹਿਲੀ ਟਰੇਨਿੰਗ ਤੋਂ ਬਾਅਦ ਕੁਲ ਨੰਬਰਾਂ ਵਿਚ ਉਸ ਤੋਂ ਅੱਗੇ ਹੋ ਜਾਂਦਾ ਹੈ ਤਾਂ ਉਸ ਨੂੰ ਸੀਨੀਅਰ ਮੰਨਿਆ ਜਾਵੇਗਾ। ਪ੍ਰਮੋਸ਼ਨ ਦੇਣ ਵੇਲੇ ਜੇ ਸੀਨੀਅਰ ਬੰਦਾ ਦੂਜੀ ਟਰੇਨਿੰਗ ਦਾ ਇਮਤਿਹਾਨ ਪਾਸ ਨਹੀਂ ਕਰ ਸਕੇਗਾ ਤਾਂ ਉਸ ਤੋਂ ਥੱਲੇ ਵਾਲੇ ਨੂੰ ਪ੍ਰਮੋਸ਼ਨ ਦੇ ਦਿੱਤੀ ਜਾਏਗੀ।

## ਅੱਗੇ ਹੋਣ ਵਾਲੀਆਂ ਤਰੱਕੀਆਂ

ਪ੍ਰਮੋਸ਼ਨ ਤੋਂ ਬਾਅਦ ਧਰਮ ਪ੍ਰਚਾਰਕ ਸਹਾਇਕ ਡਾਇਰੈਕਟਰ ਡਾਇਰੈਕਟਰ (ਐਸ ਜੀ ਪੀ ਸੀ ਅਗਰ ਚਾਹਵੇ ਤਾਂ ਹੋਰ ਕੋਈ ਰੁਤਬਾ ਵੀ ਦੇ ਸਕਦੀ ਹੈ) ਬਣ ਜਾਏਗਾ। ਤੇ ਉਸ ਥੱਲੇ ਤਿੰਨ ਧਰਮ ਪ੍ਰਚਾਰਕ ਕੰਮ ਕਰਣਗੇ ਮਿਸਾਲ ਦੇ ਤੌਰ ਤੇ ਅਗਰ ਗਵਾਲੀਅਰ ਵਿਚ ਇਕ ਧਰਮ ਪ੍ਰਚਾਰਕ ਹੈ ਤੇ ਆਗਰੇ ਵਿਚ ਦੋ ਹਨ ਤਾਂ ਉਨ੍ਹਾਂ ਉਤੇ ਇਕ ਸਹਾਇਕ ਡਾਇਰੈਕਟਰ ਹੋਵੇਗਾ। ਉਸ ਦਾ ਹੈਡ ਕੁਆਟਰ ਇਨ੍ਹਾਂ ਦੋਨਾਂ ਸ਼ਹਿਰਾਂ ਵਿਚੋਂ ਕਿਥੇ ਹੋਣਾ ਚਾਹੀਦਾ ਹੈ ਇਸ ਦਾ ਫੈਸਲਾ ਉਥੋਂ ਦੀ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ ਐਸ ਜੀ ਪੀ ਸੀ ਕਰੇਗੀ। ਇਥੇ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਥੋਂ ਦੀ ਕਮੇਟੀ ਦੀ ਰਿਪੋਰਟ ਨੂੰ ਐਸ ਜੀ ਪੀ ਸੀ ਬਗੈਰ ਕਿਸੇ ਕਾਰਨ ਦੇ ਰਿਜੇਕਟ ਨਹੀਂ ਕਰ ਸਕਦੀ । ਭਾਵ ਕਿ ਅਗਰ ਯੂ.ਪੀ. ਦੀ ਕਮੇਟੀ ਕਹਿੰਦੀ ਹੈ ਕਿ ਉਸ ਦਾ ਹੈਡ ਕੁਆਟਰ ਆਗਰਾ ਹੋਣਾ ਚਾਹੀਦਾ ਹੈ ਤਾਂ ਐਸ. ਜੀ. ਪੀ. ਸੀ. ਬਗੈਰ ਕਿਸੇ ਖਾਸ ਕਾਰਨਾਂ ਦੇ ਉਸ ਨੂੰ ਆਪਣੇ ਵਲੋਂ ਨਹੀਂ ਬਦਲੇਗੀ। ਜੱਦ ਸਹਾਇਕ ਡਾਇਰੈਕਟਰ ਨੂੰ ਕੰਮ ਕਰਦੇ ਹੋਏ ਘੱਟੋਂ ਘੱਟ ਛੇ ਸਾਲ ਹੋ ਜਾਣ ਤਾਂ ਉਹ ਡਿਪਟੀ ਡਾਇਰੈਕਟਰ ਦੀ ਪੋਸਟ ਲਈ ਸੀਨੀਓਰੀਟੀ ਵਾਈਜ਼ ਉਸ ਦੀਆਂ ਕਾਰਗੁਜ਼ਾਰੀ ਦੀਆਂ ਚੰਗੀਆਂ ਰਿਪੋਰਟਾਂ ਦੇ ਆਧਾਰ 'ਤੇ ਪ੍ਰਮੋਟ ਕੀਤਾ ਜਾ ਸਕਦਾ ਹੈ। ਡਿਪਟੀ ਡਾਇਰੈਕਟਰ ਦੇ ਹੇਠਾਂ ਵੀ ਤਿੰਨ ਸਹਾਇਕ ਡਾਇਰੈਕਟਰ ਹੋਣਗੇ। ਅੱਗਲੀ ਪ੍ਰੋਮੋਸ਼ਨ ਡਾਇਰੈਕਟਰ ਦੀ ਸੱਤ ਸਾਲ ਡਿਪਟੀ ਡਾਇਰੈਕਟਰ ਦੀ ਪੋਸਟ ਤੋਂ ਬਾਅਦ ਹੋ ਸਕਦੀ ਹੈ। ਦੂਸਰੇ ਸ਼ਬਦਾਂ ਵਿਚ ਸਰਵਿਸ ਜੁਆਇਨ ਕਰਨ ਤੋਂ ਬਾਦ ਕਰੀਬਨ 18 ਸਾਲ ਤੋਂ ਬਾਅਦ ਡਾਇਰੈਕਟਰ ਬਣ ਸਕਦਾ ਹੈ। ਉਸ ਥੱਲੇ ਘੱਟੋਂ ਘੱਟ ਤਿੰਨ ਡਿਪਟੀ ਡਾਇਰੈਕਟਰ ਹੋਣੇ ਜ਼ਰੂਰੀ ਹਨ, ਉਹ ਸੂਬੇ ਦਾ ਹੈਡ ਪ੍ਰਚਾਰਕ ਹੋ ਸਕਦਾ ਹੈ। ਅਗਰ ਸੂਬਾ ਬਹੁਤ ਵੱਡਾ ਹੈ ਤੇ ਉਥੇ ਦੋ ਡਾਇਰੈਕਟਰਾਂ ਦੀ ਲੋੜ ਹੈ ਤਾਂ ਉਨ੍ਹਾਂ ਉਤੇ ਚੀਫ ਡਾਇਰੈਕਟਰ ਦੀ ਪ੍ਰਮੋਸ਼ਨ ਸਰਵਿਸ ਦੇ 27ਵੇਂ ਸਾਲ ਤੋਂ ਬਾਦ ਦਿੱਤੀ ਜਾ ਸਕਦੀ ਹੈ। ਜਿੱਥੇ ਸਹਾਇਕ ਡਾਇਰੈਕਟਰ ਸੈਂਟਰਲ ਸਰਕਾਰ ਦੇ ਅੰਡਰ ਸੈਕਟਰੀ ਦੇ ਰੈਂਕ ਦਾ ਹੋਵੇਗਾ ਉਥੇ ਡਿਪਟੀ ਡਾਰਇਕਟਰ, ਡਿਪਟੀ ਸੈਕਰਟਰੀ ਦੇ ਰੈਂਕ ਦਾ ਹੋਵੇਗਾ, ਡਾਇਰੈਕਟਰ ਦਾ ਰੈਂਕ ਡਾਇਰੈਕਟਰ ਦੇ ਮੁਕਾਬਲੇ ਵਿਚ ਹੋਵੇਗਾ ਤੇ ਚੀਫ ਡਾਇਰੈਟਰ ਜੁਆਇੰਟ ਸੈਕਟਰੀ ਦੇ ਮੁਕਾਬਲੇ ਵਿਚ ਹੋਵੇਗਾ। ਇਨ੍ਹਾਂ ਦੀਆਂ ਤਨਖਾਵਾਂ, ਭੱਤੇ ਤੇ ਸਹੂਲਤਾਂ ਵੀ ਉਸ ਹਿਸਾਬ ਨਾਲ ਹੀ ਹੋਣਗੀਆਂ।

## ਐਸ. ਡੀ. ਪੀ. ਐਸ. ਕੈਡਰ ਕੰਟਰੋਲ

ਉਪਰ ਦਿੱਤੀ ਹੋਈ ਸਾਰੀ ਚਰਚਾ ਸਥਿਤੀ ਨੂੰ ਸਮਝਾਉਣ ਲਈ ਹੈ ਵੈਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਕਿ ਇਸ ਸਰਵਿਸ ਲਈ ਯੂ.ਪੀ.ਐਸ.ਸੀ.ਦਾ ਕੰਮ ਕਰੇਗੀ, ਪੋਸਟਿੰਗ, ਟਰੇਨਿੰਗ, ਪ੍ਰਮੋਸ਼ਨ ਆਦਿ ਬਾਰੇ ਕੋਈ ਵੀ ਰੂਲ ਬਣਾ ਸਕਦੀ ਹੈ। ਇਸ ਤਰ੍ਹਾਂ ਹੀ ਬਦਲੀਆਂ ਬਾਰੇ ਵੀ ਢੁੱਕਵੇਂ ਰੂਪ ਬਣਾਏ ਜਾ ਸਕਦੇ ਹਨ। ਸਾਡੇ ਹਿਸਾਬ ਨਾਲ ਜਿਹੜੇ ਵੀ ਧਰਮ ਪ੍ਰਚਾਰਕ ਨੂੰ ਜਿਸ ਕਮੇਟੀ ਦੇ ਏਰੀਏ ਵਿਚ ਉਸ ਦੀ ਪਸੰਦ ਅਨੁਸਾਰ ਪੋਸਟਿੰਗ ਦਿੱਤੀ ਜਾਏਗੀ, ਉਸਨੂੰ ਡਿਪਟੀ ਡਾਇਰੈਕਟਰ ਦੀ ਪੋਸਟ ਤੱਕ ਉਸ ਕਮੇਟੀ ਦੇ ਸੀਮਾਂ ਖੇਤਰ ਵਿਚ ਹੀ ਰਹਿਣ ਦਿਤਾ ਜਾਏਗਾ। ਇਸ ਪੱਦ ਤੱਕ ਉਸ ਦੀ ਬਦਲੀ ਵੀ ਉਥੋਂ ਦੀ ਕਮੇਟੀ ਹੀ ਕਰੇਗੀ। ਮਿਸਾਲ ਦੇ ਤੌਰ 'ਤੇ ਅਗਰ ਮੱਧ ਪ੍ਰਦੇਸ਼ ਦੀ ਕਮੇਟੀ ਇਹ ਸੋਚਦੀ ਹੈ ਕਿ ਇੰਦੌਰ ਵਿਚ ਕੰਮ ਕਰਦਿਆਂ ਹੋਇਆਂ ਧਰਮ ਪ੍ਰਚਾਰਕ ਜਬਲਪੁਰ ਭੇਜਿਆ ਜਾਵੇ ਤਾਂ ਉਹ ਉਸ ਦੀ ਬਦਲੀ ਕਰ ਸਕਦੀ ਹੈ। ਪਰ ਐਸੀ ਬਦਲੀ ਕਰਨ ਤੋਂ ਪਹਿਲਾਂ ਉਹ ਕਮੇਟੀ ਡਾਇਰੈਕਟਰ ਜਾਂ ਅਗਰ ਉਸ ਕਮੇਟੀ ਦੇ ਇਲਾਕੇ ਵਿਚ ਚੀਫ ਡਾਇਰੈਕਟਰ ਹੈ ਤਾਂ ਉਹ ਉਸ ਨਾਲ ਸਲਾਹ ਕਰੇਗੀ।

ਇਹ ਸਲਾਹ ਜ਼ਰੂਰੀ ਹੈ ਭਾਵੇਂ ਬਦਲੀ ਧਰਮ ਪ੍ਰਚਾਰਕ ਦੇ ਕਹਿਣ ਤੇ ਹੀ ਕਿਉਂ ਨਾ ਕੀਤੀ ਗਈ ਹੋਵੇ। ਕਿਉਂਕਿ ਉਸ ਦੀ ਕਾਰ ਗੁਜ਼ਾਰੀ ਬਾਰੇ ਤੇ ਹਰ ਅਸਥਾਨ ਦੀ ਲੋੜ ਬਾਰੇ ਇਸ ਦੀ ਸਾਰੀ ਜਾਣਕਾਰੀ ਉਥੋਂ ਦੇ ਹੈਡ ਪ੍ਰਚਾਰਕ ਕੋਲ ਹੀ ਹੋ ਸਕਦੀ ਹੈ।

## ਡਾਇਰੈਕਟਰ ਤੇ ਚੀਫ ਡਾਇਰੈਕਟਰ ਦਾ ਕੈਡਰ ਕੰਟਰੋਲ

ਜਿਥੋਂ ਤੱਕ ਡਾਇਰੈਕਟਰ ਤੇ ਚੀਫ ਡਾਇਰੈਕਟਰ ਦੀ ਬਦਲੀ ਦਾ ਸਵਾਲ ਹੈ ਇਹ ਬਦਲੀ ਐਸ ਜੀ ਪੀ ਸੀ ਕਰ ਸਕਦੀ ਹੈ ਕਿਉਂਕਿ ਇਹ ਬਦਲੀ ਇਕ ਕਮੇਟੀ ਦੇ ਇਲਾਕੇ ਤੋਂ ਦੂਜੀ ਕਮੇਟੀ ਦੇ ਇਲਾਕੇ ਵਿਚ ਕਰਨੀ ਹੈ। ਚੰਗਾ ਹੋਵੇਗਾ ਅਗਰ ਐਸ ਜੀ ਪੀ ਸੀ ਦੋਨੋਂ ਸਬੰਧਿਤ ਕਮੇਟੀਆਂ ਨੂੰ ਵਿਸ਼ਵਾਸ ਵਿਚ ਲੈਕੇ ਐਸੀ ਬਦਲੀ ਕਰੇ। ਜੇ ਕੋਈ ਵੀ ਅਫਸਰ ਕਿਸੇ ਵੀ ਰੈਂਕ 'ਤੇ ਇਕ ਕਮੇਟੀ ਤੋਂ ਦੂਜੀ ਕਮੇਟੀ ਵਿਚ ਜਾਣਾ ਚਾਹੁੰਦਾ ਹੋਵੇ ਤਾਂ ਉਸਨੂੰ ਆਪਣੀ ਬੇਨਤੀ ਪ੍ਰੋਪਰ ਚੈਨਲ ਦੇ ਦੁਆਰਾ ਐਸ ਜੀ ਪੀ ਸੀ ਕੋਲ ਭੇਜਣੀ ਹੋਵੇਗੀ। ਐਸ ਜੀ ਪੀ ਸੀ ਉਸ ਬੇਨਤੀ ਤੇ ਵਿਚਾਰ ਕਰਨ ਵੇਲੇ ਦੋਨੋਂ ਕਮੇਟੀਆਂ ਨੂੰ ਵਿਸ਼ਵਾਸ ਵਿਚ ਲੈਕੇ ਬੇਨਤੀ ਮੰਨ ਸਕਦੀ ਹੈ ਜਾਂ ਰਿਜੇਕਟ ਕਰ ਸਕਦੀ ਹੈ। ਜੋ ਰੂਲ ਬਦਲੀਆਂ ਦੇ ਹੋਣਗੇ ਉਸ ਅਨੁਸਾਰ ਹੀ ਛੁੱਟੀ ਦੇਣ ਦੇ ਜਾਂ ਡਿਸਪਲਨਰੀ ਐਕਸ਼ਨ ਲੈਣ ਦੇ ਰੂਲ ਵੀ ਉਸ ਅਨੁਸਾਰ ਹੀ ਹੋਣਗੇ। ਭਾਵ ਅਗਰ ਬਦਲੀ ਕਰਨ ਦੀ ਪਾਵਰ ਸੂਬਾਈ ਕਮੇਟੀ ਕੋਲ ਹੈ ਤਾਂ ਉਸ ਅਫਸਰ ਨੂੰ ਛੁੱਟੀ ਦੇਣ ਜਾਂ ਉਥੇ ਕੋਈ ਕਾਰਵਾਈ ਕਰਨ ਦਾ ਹੱਕ ਵੀ ਉਸ ਨੂੰ ਹੈ। ਜੇ ਉਸ ਕਮੇਟੀ ਨੂੰ ਕਿਸੇ ਵੀ ਮਾਮਲੇ ਵਿਚ ਕੋਈ ਸਲਾਹ ਲੈਣ ਦੀ ਲੋੜ ਹੈ ਤਾਂ ਉਹ ਮਾਮਲਾ ਐਸ ਜੀ ਪੀ ਸੀ ਨੂੰ ਭੇਜ ਸਕਦੀ ਹੈ। ਤੇ ਉਨ੍ਹਾਂ ਦੀ ਸਲਾਹ ਅਨੁਸਾਰ ਕੰਮ ਕਰ ਸਕਦੀ ਹੈ।

## ਐਸ ਡੀ ਪੀ ਐਸ ਦੇ ਅਫਸਰਾਂ ਦੇ ਕੰਮ

ਜਿਵੇਂ ਕਿ ਸਪੱਸ਼ਟ ਹੀ ਹੈ ਇਸ ਸਰਵਿਸ ਦੇ ਅਫਸਰਾਂ ਦਾ ਮੁੱਖ ਕੰਮ ਹੈ ਸਿੱਖ ਧਰਮ ਦਾ ਪ੍ਰਚਾਰ, ਦੁਨੀਆਂ ਦੇ ਲੋਕਾਂ ਤੱਕ ਗੁਰੂਆਂ ਦੇ ਸੰਦੇਸ਼ ਨੂੰ ਪਹੁੰਚਾਣਾ, ਲੋਕਾਂ ਵਿਚ ਸਿੱਖਾਂ ਦੀ ਇਮੇਜ ਨੂੰ ਸਾਫ ਸੁਥਰਾ ਰੱਖਣਾ, ਸਿੱਖ ਧਰਮ ਦੇ ਇਤਿਹਾਸ ਤੇ ਵਿਰਸੇ ਬਾਰੇ ਲੋਕਾਂ ਨੂੰ ਜਾਣਕਾਰੀ ਦੇਣੀ। ਸੋ ਇਸ ਪੱਖੋਂ ਜੱਦ ਧਰਮ ਪ੍ਰਚਾਰਕ ਪਹਿਲੀ ਵਾਰ ਕਿਸੇ ਇਲਾਕੇ ਵਿਚ ਪੋਸਟ ਹੁੰਦਾ ਹੈ ਤਾਂ ਉਥੋਂ ਦੀ ਸਾਰੀ ਸਥਿਤੀ ਦਾ ਜਾਇਜ਼ਾ ਲੈਕੇ ਲੋੜ ਅਨੁਸਾਰ ਉਹ ਹਰ ਕੰਮ ਕਰ ਸਕਦਾ ਹੈ ਜੋ ਸਿੱਖ ਧਰਮ ਦੇ ਪ੍ਰਚਾਰ ਵਿਚ ਮਦਦਗਾਰ ਹੋਵੇ। ਜਿੱਥੇ ਇਤਿਹਾਸਿਕ ਗੁਰਦੁਆਰਿਆਂ ਦੀ ਜਿੰਮੇਵਾਰੀ ਸੂਬਾਈ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਹੈ, ਉਥੇ ਹੋਰ ਦੂਸਰੇ ਗੁਰਦੁਆਰੇ, ਸਿੰਘ ਸਭਾ ਦੇ ਜਾਂ ਪ੍ਰਾਈਵੇਟ, ਧਰਮ ਪ੍ਰਚਾਰਕ ਦੀ ਦੇਖਰੇਖ ਵਿਚ ਹੋਣਗੇ। ਉਹ ਉਨ੍ਹਾਂ ਦੀਆਂ ਕਮੇਟੀਆਂ ਦੇ ਕੰਮ ਵਿਚ ਦਖਲ ਨਹੀਂ ਦੇਵੇਗਾ ਪਰ ਉਹਨ੍ਹਾਂ ਦੇ ਕੰਮ ਵਿਚ ਮਦਦ ਕਰੇਗਾ। ਮਿਸਾਲ ਦੇ ਤੌਰ 'ਤੇ ਉਹ ਇਸ ਗੱਲ ਨੂੰ ਯਕੀਨੀ ਬਣਾਇਗਾ ਕਿ ਕਮੇਟੀਆਂ ਗੁਰਦੁਆਰਿਆਂ ਵਿਚ ਐਸੇ ਬੰਦਿਆਂ ਨੂੰ ਭਾਈ ਜਾਂ ਸੇਵਾਦਾਰ ਲਗਾਉਣ ਜੋ ਘੱਟੋ ਘੱਟ ਮੈਟਰਿਕ ਪਾਸ ਹੋਣ ਤੇ ਜਿਨ੍ਹਾਂ ਨੂੰ ਸਿੱਖੀ ਦੇ ਅਸੂਲ, ਇਤਿਹਾਸ ਤੇ ਸ਼ੁਧ ਬਾਣੀ ਪੜ੍ਹਨ ਬਾਰੇ ਪਤਾ ਹੋਵੇ। ਜੇ ਉਨ੍ਹਾਂ ਨੂੰ ਟਰੇਨਿੰਗ ਦੀ ਲੋੜ ਹੈ ਤਾਂ ਧਰਮ ਪ੍ਰਚਾਰਕ ਸਮੇਂ ਸਮੇਂ ਤੇ ਉਨ੍ਹਾਂ ਦੀ ਟਰੇਨਿੰਗ ਦੇ ਪ੍ਰੋਗਰਾਮ ਉਲੀਕੇਗਾ। ਉਸ ਦੇ ਇਲਾਕੇ ਵਿਚ ਜੇ ਕੋਈ ਸਿੱਖ ਪਰਿਵਾਰ ਵਿਚ ਪਤਿਤ ਹੁੰਦਾ ਹੈ ਤਾਂ ਉਹ ਪੂਰੇ ਯਤਨ ਕਰੇਗਾ ਕਿ ਉਹ ਉਸਨੂੰ ਪਤਿਤ ਪੁਣੇ ਤੋਂ ਮੋੜ ਲਿਆਵੇ ਇਸ ਤਰ੍ਹਾਂ ਹੀ ਉਹ ਨਸ਼ੇ ਕਰਨ ਵਾਲਿਆਂ ਨੂੰ ਪ੍ਰੇਰਿਤ ਕਰੇਗਾ ਕਿ ਉਹ ਨਸ਼ਿਆਂ ਤੋਂ ਗੁਰੇਜ ਕਰਨ। ਇਹ ਸਾਰੇ ਕਦਮ ਚੁੱਕਣ ਲਈ ਉਹ ਟਰੇਨਿੰਗ ਕੈਂਪ, ਡੀ-ਐਡੀਕਸ਼ਨ ਤੇ ਹੋਰ ਕਈ ਤਰ੍ਹਾਂ ਦੇ ਪ੍ਰੋਗਰਾਮ ਔਰਗਨਾਈਜ਼ ਕਰਵਾ ਸਕਦਾ ਹੈ। ਇਹ ਪ੍ਰੋਗਰਾਮ ਕਰਵਾਉਣ ਲਈ ਸਥਾਨਕ ਗੁਰਦੁਆਰਿਆਂ ਦੀਆਂ ਕਮੇਟੀਆਂ ਉਸ ਦੀ ਮਦਦ ਕਰਨਗੀਆਂ। ਇਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਸਥਾਨਕ ਗੁਰਦੁਆਰਿਆਂ ਦੀਆਂ ਕਮੇਟੀਆਂ ਪ੍ਰਾਈਵੇਟ ਰੂਪ ਵਿਚ ਕੰਮ ਕਰਦੇ ਹੋਏ ਧਰਮ ਪ੍ਰਚਾਰਕ ਅਫਸਰ ਦੀ ਮਦਦ ਕਿਉਂ ਕਰਨਗੀਆਂ। ਸਾਨੂੰ ਪੂਰਾ ਯਕੀਨ ਹੈ ਕਿ ਜਿਸ ਵੇਲੇ ਧਰਮ ਪ੍ਰਚਾਰਕ ਸਾਰਿਆਂ ਨਾਲ

ਆਪਣੇ ਸਬੰਧ ਨਿੱਘੇ ਕਰ ਲਵੇਗਾ ਤੇ ਆਪਣੀ ਸ਼ਖਸੀਅਤ ਦਾ ਪ੍ਰਭਾਵ ਪਾ ਲਵੇਗਾ ਤਾਂ ਗੁਰਦੁਆਰਿਆਂ ਦੀਆਂ ਕਮੇਟੀਆਂ ਵਿਚ ਆਪਸ ਵਿਚ ਹੋੜ ਲੱਗ ਜਾਵੇਗੀ ਕਿ ਉਹ ਉਸ ਦੀ ਪ੍ਰੇਰਨਾ ਦੇ ਨਾਲ ਚੰਗੇ ਤੋਂ ਚੰਗੇ ਪ੍ਰੋਗਰਾਮ ਕਰਵਾ ਸਕਣ। ਹਰ ਕਮੇਟੀ ਦੇ ਮੈਂਬਰਾਂ ਦੇ ਵਿਰੋਧੀ ਧੜੇ ਵੀ ਹੁੰਦੇ ਹਨ। ਧਰਮ ਪ੍ਰਚਾਰਕ ਆਪਸ ਵਿਚ ਵਿਰੋਧੀ ਭਾਵਨਾ ਘਟਾ ਕੇ ਚੰਗੇ ਕੰਮ ਕਰਨ ਦੇ ਮੁਕਾਬਲੇ ਦੀ ਭਾਵਨਾ ਵਧਾਏਗਾ। ਸੰਖੇਪ ਵਿਚ ਧਰਮ ਪ੍ਰਚਾਰਕ ਆਪਣੀ ਸਾਫ ਸੁਥਰੀ ਛਵੀ ਤੇ ਸ਼ਖਸੀਅਤ ਦੇ ਪ੍ਰਭਾਵ ਨਾਲ ਆਪਣੇ ਇਲਾਕੇ ਦੇ ਸਿੱਖਾਂ ਲਈ ਪ੍ਰੇਰਨਾ ਸਰੋਤ, ਗਾਈਡ ਤੇ ਫਿਲਾਸਫਰ ਸਾਬਿਤ ਹੋਵੇਗਾ।

## ਉੱਤੇ ਵਾਲੇ ਅਫਸਰਾਂ ਦੇ ਕੰਮ

ਜੋ ਕੰਮ ਧਰਮ ਪ੍ਰਚਾਰਕ ਕਰੇਗਾ ਉਹੀ ਕੰਮ ਆਪਣੇ ਤੌਰ 'ਤੇ ਸਹਾਇਕ ਡਾਇਰੈਕਟਰ ਤੇ ਡਿਪਟੀ ਡਾਇਰੈਕਟਰ ਵੀ ਕਰਣਗੇ। ਇਹ ਵੱਖਰੀ ਗੱਲ ਹੈ ਕਿ ਐਡਮਿਨਿਸਟਰੇਟਿਵ ਹਿਰਾਰਕੀ ਵਿਚ ਹਰ ਸੀਨੀਅਰ ਆਪਣੇ ਜੂਨੀਅਰ ਦੀ ਪਰਫੋਰਮੈਂਸ ਰਿਪੋਰਟ ਲਿਖੇਗਾ ਤੇ ਉਸ ਤੋਂ ਉਤਲਾ ਸੀਨੀਅਰ ਉਸ ਰਿਪੋਰਟ 'ਤੇ ਆਪਣੇ ਵਿਚਾਰ ਦੇਵੇਗਾ। ਇਹ ਰਿਪੋਰਟਾਂ ਜਿਥੇ ਜੂਨੀਅਰ ਅਫਸਰਾਂ ਨੂੰ ਕੰਮ ਕਰਨ ਲਈ ਪ੍ਰੇਰਦੀਆਂ ਹਨ ਉਥੇ ਹੀ ਉਸ ਦੀ ਕਾਰਗੁਜ਼ਾਰੀ, ਤੱਰਕੀ ਤੇ ਕੈਰਿਅਰ ਲਈ ਇਕ ਮਹੱਤਵਪੂਰਣ ਟੂਲ ਸਾਬਿਤ ਹੁੰਦੀਆਂ ਹਨ। ਡਾਇਰੈਕਟਰ ਤੇ ਚੀਫ ਡਾਇਰੈਕਟਰ ਦਾ ਮੁੱਖ ਕੰਮ ਐਡਮਿਨਿਸਟਰੇਟਿਵ ਕੰਟਰੋਲ ਪਰ ਉਨ੍ਹਾਂ ਦਾ ਕਿਸੇ ਤਰ੍ਹਾਂ ਵੀ ਧਰਮ ਪ੍ਰਚਾਰ ਨਾਲ ਕਿਸੇ ਕੰਮ ਨਾਲ ਜੁੜਨਾ, ਉਸ ਵਿਚ ਦਿਲਚਸਪੀ ਲੈਣਾ ਤੇ ਉਸ ਵਿਚ ਹਿੱਸਾ ਲੈਕੇ ਲੋਕਾਂ ਵਿਚ ਧਰਮ ਪ੍ਰਤੀ ਜਾਗਰਿਤੀ ਤੇ ਉਤਸ਼ਾਹ ਪੈਦਾ ਕਰਨਾ, ਸ਼ਲਾਘਾ ਯੋਗ ਹੋਣਗੇ। ਕਿਉਂਕਿ ਡਾਇਰੈਕਟਰ ਤੇ ਚੀਫ ਡਾਇਰੈਕਟਰ ਡਿਪਾਰਟਮੇਂਟ ਦੇ ਹੈਡ ਹੋਣਗੇ ਇਸ ਕਰਕੇ ਉਨ੍ਹਾਂ ਦੀ ਇਹ ਡਿਉਟੀ ਹੋਵੇਗੀ ਕਿ ਸੂਬਾਈ ਕਮੇਟੀ ਨਾਲ 'ਤੇ ਉਥੋਂ ਦੀ ਸੈਂਟਰਲ ਸਟੇਟ ਗੌਰਮੇਂਟ ਮਸ਼ੀਨਰੀ ਨਾਲ ਚੰਗੇ ਸਬੰਧ ਰੱਖਣ ਤਾਂਕਿ ਪ੍ਰਚਾਰ ਦੇ ਵਿੱਚ ਕਿਸੇ ਤਰ੍ਹਾਂ ਦਾ ਕੋਈ ਵਿਘਨ ਨਾ ਪਵੇ। ਡਾਇਰੈਕਟਰ ਤੇ ਚੀਫ ਡਾਇਰੈਕਟਰ ਉਥੋਂ ਦੀ ਕਮੇਟੀ ਦੇ ਮੁਤਹਿਤ ਨਹੀਂ ਹੋਣਗੇ ਪਰ ਉਨ੍ਹਾਂ ਨਾਲ ਪੂਰੀ ਤਰ੍ਹਾਂ ਤਾਲਮੇਲ ਰੱਖਣਗੇ ਕਿਉਂਕਿ ਕਿਸੇ ਤਰ੍ਹਾਂ ਦਾ ਵੀ ਵਾਦ-ਵਿਵਾਦ ਲੋਕਾਂ ਵਿਚ ਸਿੱਖਾਂ ਦੀ ਇਮੇਜ ਖਰਾਬ ਕਰਦਾ ਹੈ। ਸਰਵਿਸ ਦੇ ਸਾਰੇ ਅਫਸਰ ਆਪਣਾ ਜੀਵਨ ਬਹੁਤ ਵਧੀਆ, ਧਾਰਮਿਕ ਤੇ ਉੱਚੇ ਦਰਜੇ ਦਾ ਰੱਖਣਗੇ। ਉਨ੍ਹਾਂ ਨੂੰ ਲੋਕਾਂ ਨਾਲ ਮਿਲਣ ਜੁਲਣ, ਸਮਾਜਿਕ ਫੰਕਸ਼ਨਾਂ ਤੇ ਆਉਣ ਜਾਣ ਤੇ ਲੋਕਾਂ ਨੂੰ ਬੁਲਾਉਣ ਤੇ ਕੋਈ ਪਾਬੰਦੀ ਨਹੀਂ ਹੋਵੇਗੀ ਪਰ ਕਿਸੇ ਫੰਕਸ਼ਨ 'ਤੇ ਜਾਂ ਕਿਸੇ ਵੀ ਪਬਲਿਕ ਪਲੇਸ 'ਤੇ ਗਲਤ, ਗਾਲੀ-ਗਲੋਚ ਵਾਲੀ ਤੇ ਭੱਦੀ ਭਾਸ਼ਾ ਬੋਲਣਾ, ਨਸ਼ੇ ਕਰਨਾ ਜਾਂ ਗੰਦੇ ਤਰੀਕੇ ਦੇ ਡਾਂਸ ਜਾਂ ਇਹੋ ਜਿਹੇ ਪ੍ਰੋਗਰਾਮਾਂ 'ਚ ਹਿੱਸੇ ਲੈਣਾ ਸਰਵਿਸ ਦੇ ਕੰਡਕਟ ਰੂਲਸ ਦੀ ਉਲੰਘਣਾ ਮੰਨੀ ਜਾਏਗੀ। ਜਿਥੇ ਬਾਕੀ ਸੇਵਾਵਾਂ ਵਾਲਿਆਂ ਨੂੰ ਕੋਈ ਹੋਰ ਕੰਮ ਕਰਨਾ ਮੰਨਾ ਹੁੰਦਾ ਹੈ ਉਥੇ ਇਹ ਸੇਵਾ ਵਾਲਿਆਂ ਨੂੰ (ਧਰਮ ਪ੍ਰਚਾਰਕ ਨੂੰ ਛੱਡ ਕੇ) ਜੱਥੇ ਵਿਚ ਕੀਰਤਨ ਕਰਨਾ ਜਾਂ ਕੀਰਤਨੀ ਜੱਥੇ ਦੀ ਅਗੁਵਾਈ ਕਰਨਾ ਜਾਂ ਕਥਾ ਕਰਨਾ ਕੋਈ ਸ਼ਬਦ ਪੜ੍ਹਨਾ ਜਾਂ ਕਵਿਤਾ ਪੜ੍ਹਨਾ ਮਨਾ ਨਹੀਂ ਹੋਵੇਗਾ ਭਾਵੇਂ ਉਸ ਲਈ ਉਨ੍ਹਾਂ ਨੂੰ ਕਮਾਈ ਹੀ ਹੁੰਦੀ ਹੋਵੇ। ਪਰ ਜੋ ਇਸ ਸਬੰਧ ਵਿਚ ਰੂਲ ਹਨ ਉਹ ਮੰਨਣੇ ਪੈਣਗੇ। ਇਨ੍ਹਾਂ ਅਫਸਰਾਂ ਦੇ ਹੋਰ ਕੰਮਾਂ ਬਾਰੇ ਇਸ ਬਰੋਚਰ ਵਿਚ ਜਿਥੇ ਕਿਤੇ ਵੀ ਜ਼ਿਕਰ ਆਏਗਾ, ਉਹ ਸਭ ਕੰਮ ਉਨ੍ਹਾਂ ਦੀ ਡਿਊਟੀ ਦਾ ਹਿੱਸਾ ਹੋਣਗੇ। ਅਗਰ ਇਹ ਅਫਸਰ ਸਿੱਖ ਪਰਿਵਾਰਾਂ ਦੀਆਂ ਸਮਾਜਿਕ ਜਾਂ ਕਾਨੂੰਨੀ ਝਗੜਿਆਂ ਦੀ ਸਮਸਿਆਵਾਂ ਨਿਪਟਾਨ ਵਿਚ ਮਦਦ ਕਰ ਸਕੇਗਾ ਤਾਂ ਇਹ ਸ਼ਲਾਘਾ ਯੋਗ ਕਦਮ ਹੋਵੇਗਾ। ਪਰ ਐਸਾ ਕਰਦੇ ਹੋਏ ਉਹ ਕਿਸੇ ਵੀ ਪਾਰਟੀ ਦਾ ਪੱਖ ਨਹੀਂ ਲਵੇਗਾ ਤੇ ਫੈਸਲਾ ਨਿਰਪੱਖ ਤੌਰ 'ਤੇ ਲਵੇਗਾ। ਅਗਰ ਦੋਨੋਂ ਪਾਰਟੀਆਂ ਮੰਨਦੀਆਂ ਹੋਣਗੀਆਂ ਤਾਂ ਹੀ ਉਹ ਇਹ ਫੈਸਲਾ ਕਰੇਗਾ, ਕਿਸੇ ਤਰ੍ਹਾਂ ਦੀ ਜ਼ੋਰ ਜਬਰਦਸਤੀ ਜਾਂ ਫਾਲਤੂ ਦੇ ਪ੍ਰਭਾਵ ਨਾਲ ਕਿਸੇ ਪਾਰਟੀ ਨੂੰ ਦਬਾਉਣ ਦੀ ਕੋਸ਼ਿਸ਼ ਨਹੀਂ ਕਰੇਗਾ ਭਾਵ ਕਿ ਕਿਸੇ ਤਰ੍ਹਾਂ ਦੇ ਵਾਦ ਵਿਵਾਦ 'ਚ ਨਹੀਂ ਪਵੇਗਾ

ਤੇ ਆਪਣਾ ਪ੍ਰਭਾਵ ਸਾਰੇ ਸਿੱਖਾਂ ਨੂੰ ਇਕੋ ਜਿਹਾ ਸਮਝ ਕੇ ਉਨ੍ਹਾਂ ਦੇ ਭਲੇ ਲਈ ਵਰਤੇਗਾ।

### ਡਾਇਰੈਕਟਰ ਤੇ ਚੀਫ ਡਾਇਰੈਕਟਰ ਲਈ ਡੈਪੂਟੇਸ਼ਨ

ਡਾਇਰੈਕਟਰ ਤੇ ਚੀਫ ਡਾਇਰੈਕਟਰ ਅਲੱਗ ਅਲੱਗ ਅਸਥਾਨਾਂ ਤੇ ਕਿਸੇ ਵੀ ਸੂਬੇ ਵਿੱਚ ਧਰਮ ਪ੍ਰਚਾਰ ਦੇ ਹੈਡ ਹੋਣ ਤੋਂ ਇਲਾਵਾ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੀਫ ਸੈਕਟਰੀ ਤੇ ਐਡਵਾਇਜ਼ਰੀ ਕਮੇਟੀ ਵਿਚ ਧਰਮ ਪ੍ਰਚਾਰ ਕਮੇਟੀਆਂ ਵਿਚ ਸੈਕਟਰੀ ਦੇ ਪਦ ਤੇ ਵੀ ਲਗਾਏ ਜਾ ਸਕਦੇ ਹਨ। ਬਲਕਿ ਉਨ੍ਹਾਂ ਨੂੰ ਸੈਂਟਰ ਤੇ ਸਟੇਟ ਸਰਕਾਰ ਦੇ ਮੁਕਾਬਲੇ ਪਹਿਲ ਦੇਣੀ ਚਾਹੀਦੀ ਹੈ। ਅਗਰ ਕੋਈ ਸੂਬਾਈ ਕਮੇਟੀ ਇਨ੍ਹਾਂ ਦੇ ਰਹਿਣ ਦੇ ਬਰਾਬਰ ਕੋਈ ਪਦ ਪ੍ਰਦਾਨ ਕਰਦੀ ਹੈ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਜਾਜ਼ਤ ਲੈਕੇ ਉਨ੍ਹਾਂ ਨੂੰ ਡੈਪੁਟੇਸ਼ਨ ਲੈ ਸਕਦੀ ਹੈ। ਡਿਪਟੀ ਡਾਇਰੈਕਟਰ ਤੱਕ ਜਿੰਨੇ ਅਫਸਰ ਹਨ ਅਗਰ ਉਨ੍ਹਾਂ ਵਿਰੁੱਧ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਹੁੰਦੀ ਹੈ ਤਾਂ ਡਾਇਰੈਕਟਰ ਜਾਂ ਚੀਫ ਡਾਇਰੈਕਟਰ ਜੋ ਵੀ ਉਥੇ ਹੈਡ ਹੈ ਉਹ ਉਸ ਤੇ ਇਕ ਰਿਪੋਰਟ ਬਣਾ ਕੇ ਉਥੋਂ ਦੀ ਸੂਬਾਈ ਕਮੇਟੀ ਨੂੰ ਭੇਜੇਗਾ। ਸੂਬਾਈ ਕਮੇਟੀ ਕੋਲ ਸਸਪੈਂਡ ਕਰਨ ਦੀਆਂ ਤੇ ਕਿਸੇ ਤਰ੍ਹਾਂ ਦਾ ਵੀ ਡਿਸੀਪਲਨੇਰੀ ਐਕਸ਼ਨ ਲੈਣ ਦੀ ਪਾਵਰ ਹੈ। ਅਗਰ ਸ਼ਿਕਾਇਤ ਡਾਇਰੈਕਟਰ ਜਾਂ ਚੀਫ ਡਾਇਰੈਕਟਰ ਦੇ ਵਿਰੁੱਧ ਹੈ ਤਾਂ ਸੂਬਾਈ ਕਮੇਟੀ ਇਸ ਬਾਰੇ ਇੰਕੁਆਇਰੀ ਕਰਵਾ ਕੇ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭੇਜੇਗੀ ਤੇ ਐਕਸ਼ਨ ਐਸ ਜੀ ਪੀ ਸੀ ਦੁਆਰਾ ਹੀ ਲਿਆ ਜਾਏਗਾ।

## ਇਤਿਹਾਸਿਕ ਤੇ ਪ੍ਰਾਈਵੇਟ ਗੁਰਦੁਆਰੇ

ਇਤਿਹਾਸਿਕ ਗੁਰਦੁਆਰੇ ਜਿਸ ਜਿਸ ਸੂਬਾਈ ਕਮੇਟੀ ਦੇ ਕਾਰਜ ਖੇਤਰ ਵਿਚ ਪੈਂਦੇ ਹਨ ਉਨ੍ਹਾਂ ਦੀ ਦੇਖਭਾਲ ਤੇ ਉਨ੍ਹਾਂ ਵਿਚ ਹੁੰਦੇ ਸਾਰੇ ਪ੍ਰੋਗਰਾਮਾਂ ਦੀ ਜਿੰਮੇਵਾਰੀ ਉਥੋਂ ਦੀ ਸੂਬਾਈ ਕਮੇਟੀ ਦੀ ਹੈ। ਸੂਬਾਈ ਕਮੇਟੀ ਇਨ੍ਹਾਂ ਸਾਰੇ ਇਤਿਹਾਸਿਕ ਗੁਰਦੁਆਰਿਆਂ ਦਾ ਇਕ ਰਿਕਾਰਡ ਰਖੇਗੀ ਅਤੇ ਉਨ੍ਹਾਂ ਵਿਚ ਹੋਣ ਵਾਲੇ ਮੁੱਖ ਪ੍ਰੋਗਰਾਮਾਂ ਦਾ ਵੇਰਵਾ ਇਕ ਰਿਪੋਰਟ ਦੇ ਅੰਤਰਗਤ ਉਥੋਂ ਦੇ ਤਖਤ ਦੇ ਜੱਥੇਦਾਰ ਨੂੰ ਭੇਜੇਗੀ। ਤਖਤ ਜਥੇਦਾਰ ਬੋਰਡ ਦੀ ਮੀਟਿੰਗ ਵਿਚ ਉਸ ਰਿਪੋਰਟ ਬਾਰੇ ਦੱਸੇਗਾ ਅਤੇ ਬੋਰਡ ਇਸ ਤੇ ਵਿਚਾਰ ਕਰੇਗਾ ਕਿ ਕੀ ਹੋਣ ਵਾਲੀਆਂ ਕਾਰਵਾਈਆਂ ਤੇ ਪ੍ਰੋਗਰਾਮ ਤੱਸਲੀ ਪੂਰਵਕ ਹਨ, ਅਗਰ ਨਹੀਂ ਤਾਂ ਹੋਰ ਕੀ ਪ੍ਰੋਗਰਾਮ ਹੋਣੇ ਚਾਹੀਦੇ ਹਨ ਤਾਂਕਿ ਪ੍ਰਚਾਰ ਵਿਚ ਵਾਧਾ ਹੋ ਸਕੇ। ਬੋਰਡ ਇਸ ਗੱਲ ਦਾ ਵੀ ਵਿਚਾਰ ਕਰੇਗਾ ਕਿ ਕੋਈ ਐਸੀ ਮਰਿਆਦਾ ਜਾਂ ਕਾਰਵਾਈ ਕਿਸੇ ਵੀ ਇਤਿਹਾਸਿਕ ਗੁਰਦੁਆਰੇ ਵਿਚ ਤਾਂ ਨਹੀਂ ਹੋ ਰਹੀ ਜੋ ਭਿੰਨਤਾ ਜਾਂ ਵੱਖਰਾਪੱਨ ਦਰਸਾਉਂਦੀ ਹੋਵੇ। ਦੂਸਰੇ ਸ਼ਬਦਾਂ ਵਿਚ ਬੋਰਡ ਇਹ ਯਕੀਨੀ ਬਣਾਏਗਾ ਕਿ ਸਾਰੇ ਇਤਿਹਾਸਿਕ ਗੁਰਦੁਆਰਿਆਂ ਵਿਚ ਇਕੋ ਜਿਹੀ ਮਰਿਆਦਾ ਦਾ ਪਾਲਣ ਹੋਵੇ। ਇੱਥੇ ਇਹ ਸਵਾਲ ਉਠ ਸਕਦਾ ਹੈ ਕਿ ਅਗਰ ਮਰਿਆਦਾ ਵਿਚ ਫਰਕ ਹੋਵੇ ਤਾਂ ਇਸ ਦਾ ਫੈਸਲਾ ਕੌਣ ਕਰੇਗਾ ਕਿ ਮਰਿਆਦਾ ਕੀ ਹੋਣੀ ਚਾਹੀਦੀ ਹੈ। ਇਸ ਦਾ ਫੈਸਲਾ ਵਿਚ ਉਸ ਤਰ੍ਹਾਂ ਹੀ ਹੋਵੇਗਾ ਜਿਸ ਤਰ੍ਹਾਂ ਕਿ ਕਿਸੇ ਜਿਗਆਸੂ ਦੁਆਰਾ ਭੇਜੇ ਹੋਏ ਪ੍ਰਸ਼ਨ ਜਾਂ ਸ਼ੰਕੇ ਤੇ ਟੀ ਜੇ ਬੀ ਦੀ ਮੀਟਿੰਗ ਵਿਚ ਹੁੰਦਾ ਹੈ। ਇੱਥੇ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਜੱਦ ਫੈਸਲਾ ਟੀ ਜੇ ਬੀ ਦੀ ਮੀਟਿੰਗ ਵਿਚ ਹੁੰਦਾ ਹੈ ਤੱਦ ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਾਵਾਇਜ਼ਰੀ ਕਮੇਟੀ ਦੇ ਚੇਅਰਮੈਨ ਵੱਜੋਂ, ਕੁਝ ਕਮੇਟੀਆਂ ਦੇ ਮੈਂਬਰ, ਧਰਮ ਪ੍ਰਚਾਰ ਕਮੇਟੀਆਂ ਦੇ ਸੈਕਟਰੀ (ਡਾਇਰੈਕਟਰ) ਤੇ ਹੋਰ ਸਿੱਖ ਵਿਦਵਾਨ ਪੂਰੇ ਮਸਲੇ ਤੇ ਵਿਚਾਰ ਕਰਨ ਤੋਂ ਬਾਦ ਪੰਜ ਤਖਤਾਂ ਦੇ ਜੱਥੇਦਾਰਾਂ ਦੁਆਰਾ ਇਹ ਫੈਸਲਾ ਹੁੰਦਾ ਹੈ। ਸੋ ਇਹ ਸਾਰੇ ਵਿਅਕਤੀਆਂ ਦੀ ਬੋਰਡੀ ਨੂੰ ਵੇਖਿਆ ਜਾਵੇ ਤਾਂ ਇਸ ਤੋਂ ਜ਼ਿਆਦਾ ਪਾਵਰਫੁਲ ਵਿਅਕਤੀ ਜਾ ਬੋਰਡੀ ਨਹੀਂ ਹੋ ਸਕਦੀ ਜੋ ਇਸ ਪੱਖੋਂ ਆਪਣਾ ਫੈਸਲਾ ਦੇਵੇ।

### ਸਿੰਘ ਸਭਾ ਦੇ ਤੇ ਪ੍ਰਾਈਵੇਟ ਗੁਰਦੁਆਰੇ :

ਇਤਿਹਾਸਿਕ ਗੁਰਦੁਆਰਿਆਂ ਤੋਂ ਇਲਾਵਾ ਜੋ

ਸਿੰਘ ਸਭਾ ਦੇ ਜਾਂ ਹੋਰ ਪ੍ਰਾਈਵੇਟ ਗੁਰਦੁਆਰੇ ਹਨ ਉਹ ਸਾਰਿਆਂ ਨੂੰ ਆਪਣੀ ਰਜਿਸਟਰੇਸ਼ਨ ਕਰਵਾਉਣੀ ਪਵੇਗੀ। ਰਜਿਸਟਰੇਸ਼ਨ ਦੀ ਅਰਜੀ ਆਪਣੇ ਇਲਾਕੇ ਦੇ ਪ੍ਰਚਾਰਕ ਰਾਹੀਂ ਸੂਬਾਈ ਕਮੇਟੀ ਕੋਲ ਭੇਜਣੀ ਪਵੇਗੀ। ਧਰਮ ਪ੍ਰਚਾਰਕ ਉਸ ਅਰਜ਼ੀ ਦੇ ਨਾਲ ਆਪਣੀ ਰਿਪੋਰਟ ਭੇਜੇਗਾ ਕਿ ਕੀ ਉਸ ਗੁਰਦੁਆਰੇ ਨੂੰ ਰਜਿਸਟਰ ਕਰਨ ਵਿਚ ਉਸਨੂੰ ਕੋਈ ਇਤਰਾਜ ਤਾਂ ਨਹੀਂ। ਇਹ ਰਿਪੋਰਟ ਭੇਜਣ ਤੋਂ ਪਹਿਲਾਂ ਅਗਰ ਉਹ ਚਾਹੇ ਤਾਂ ਜ਼ਰੂਰੀ ਪੁਛਗਿਛ ਕਰ ਸਕਦਾ ਹੈ। ਮਿਸਾਲ ਦੇ ਤੌਰ 'ਤੇ ਅਗਰ ਕੋਈ ਗੁਰਦੁਆਰਾ ਜਾਤ ਪਾਤ ਦੇ ਆਧਾਰ 'ਤੇ ਬਣਾਇਆ ਜਾਂਦਾ ਹੈ ਜਿਵੇਂ ਕਿ ਆਹਲੂਵਾਲੀਆ ਗੁਰਦੁਆਰਾ, ਰਾਮਗੜ੍ਹੀਆ ਗੁਰਦੁਆਰਾ। ਧਰਮ ਪ੍ਰਚਾਰਕ ਉਨ੍ਹਾਂ ਨੂੰ ਐਸਾ ਨਾਮ ਰੱਖਣ ਤੋਂ ਮਨਾ ਕਰ ਸਕਦਾ ਹੈ। ਇਸ ਤਰ੍ਹਾਂ ਹੀ ਅਗਰ ਕੋਈ ਗੁਰਦੁਆਰਾ ਸਿਰਫ ਕਿਸੇ ਇਕ ਪਰਿਵਾਰ ਦੇ ਫਾਇਦੇ ਲਈ ਬਣਾਇਆ ਗਿਆ ਹੈ, ਧਰਮ ਪ੍ਰਚਾਰਕ ਉਸ ਤੇ ਪ੍ਰਸ਼ਨ ਚਿੰਨ ਲਗਾ ਸਕਦਾ ਹੈ। ਅਗਰ ਕਿਸੇ ਗੁਰਦੁਆਰੇ ਵਿਚ ਲਗਾਏ ਜਾਣ ਵਾਲੇ ਗ੍ਰੰਥੀ ਮੈਟਰਿਕ ਪਾਸ ਨਹੀਂ ਹਨ ਜਾਂ ਉਸ ਕੰਮ ਲਾਇਕ ਨਹੀਂ ਹਨ ਜੋ ਕੰਮ ਦਿੱਤਾ ਗਿਆ ਹੈ ਤਾਂ ਇਹ ਵੀ ਇਕ ਇਤਰਾਜ ਯੋਗ ਗੱਲ ਹੋ ਸਕਦੀ ਹੈ। ਜੇ ਉਹ ਨੋ-ਉਜਕੇਸ਼ਨ ਦੇ ਦਵੇ ਤਾਂ ਉਥੋਂ ਦੀ ਸੂਬਾਈ ਕਮੇਟੀ ਉਸ ਗੁਰਦੁਆਰੇ ਨੂੰ ਆਪਣੇ ਰਿਕਾਰਡ ਤੇ ਲੈਕੇ ਇਕ ਰਜਿਸਟਰੇਸ਼ਨ ਨੰਬਰ ਐਲਾਟ ਕਰੇਗੀ। ਤਖਤ ਜੱਥੇਦਾਰ ਬੋਰਡ ਵੱਲੋਂ ਹਰ ਸੂਬਾਈ ਕਮੇਟੀ ਨੂੰ ਇਹ ਨੰਬਰ ਐਲਾਟ ਕਰਨ ਲਈ ਇਕ ਸਿਰੀਜ਼ ਦਿੱਤੀ ਜਾਏਗੀ ਤੇ ਨੰਬਰ ਉਸ ਅਨੁਸਾਰ ਹੀ ਐਲਾਉਟ ਹੋਣਗੇ। ਹੁਣ ਮਿਸਾਲ ਦੇ ਤੌਰ ਤੇ ਮੱਧ ਪ੍ਰਦੇਸ਼ ਦੀ ਕਮੇਟੀ ਨੂੰ 3000 ਤੋਂ ਲੈਕੇ 3999 ਤਕ ਬਿਹਾਰ ਦੀ ਕਮੇਟੀ ਨੂੰ ਲੈਕੇ 4000 ਤੋਂ ਲੈ ਕੇ 4999 ਤੱਕ ਵੈਸਟ ਬੰਗਾਲ ਦੀ ਕਮੇਟੀ ਨੂੰ 5000 ਤੋਂ ਲੈਕੇ 5999 ਤੱਕ ਆਦਿ। ਸੀਰਿਜ਼ ਦਿੱਤੀਆਂ ਜਾਣਗੀਆਂ ਤਾਂ ਉਹ ਆਪਣੇ ਇਲਾਕੇ ਵਿਚ ਪੈਂਦੇ ਸਾਰੇ ਗੁਰਦੁਆਰਿਆਂ ਨੂੰ ਕ੍ਰਮਵਾਰ ਨੰਬਰ ਦੇਣ। ਜਿਵੇਂ ਗੁਰਦੁਆਰਾ ਸਿੰਘ ਸਭਾ ਕਾਲੀਘਾਟ, ਕਲਕਤਾ ਰਜਿਸਟਰੇਸ਼ਨ ਨੰਬਰ 5009। ਸਾਰੇ ਗੁਰਦੁਆਰਿਆਂ ਦੀ ਰਜਿਸਟਰੇਸ਼ਨ ਦਾ ਰਿਕਾਰਡ ਕੰਪਿਊਟਰ 'ਤੇ ਰਹੇਗਾ ਜੋ ਆਨਲਾਈਨ ਐਡਵਾਇਜ਼ਰੀ ਕਮੇਟੀ ਨਾਲ ਕੁਨੇਕਟਡ ਰਹੇਗਾ। ਭਾਵ ਕਿ ਟੀ ਜੇ ਬੀ ਦੀ ਐਡਵਾਇਜ਼ਰੀ ਕਮੇਟੀ ਕੋਲ ਇਹ ਸਾਰਾ ਰਿਕਾਰਡ ਹੋਵੇਗਾ। ਜੇ ਕੋਈ ਗੁਰਦੁਆਰਾ ਆਪਣੇ ਆਪ ਨੂੰ ਰਜਿਸਟਰ ਨਹੀਂ ਕਰਵਾਉਂਦਾ ਜਾਂ ਰਜਿਸਟਰੇਸ਼ਨ ਦੀਆਂ ਸ਼ਰਤਾਂ ਨੂੰ ਨਹੀਂ ਮੰਨਦਾ ਜਾਂ ਉਲੰਘਣ ਕਰਦਾ ਹੈ ਤਾਂ ਪਬਲੀਕਲੀ ਉਸ ਨੂੰ ਮੁੱਖ ਧਾਰਾ 'ਚੋਂ ਕੱਢ ਦਿੱਤਾ ਜਾਏਗਾ ਇਸ ਦਾ ਅਸਰ ਇਹ ਹੋਵੇਗਾ ਕਿ ਸੰਗਤ ਉਸ ਗੁਰਦੁਆਰੇ ਜਾਣਾ ਚੰਗਾ ਨਹੀਂ ਸਮਝੇਗੀ। ਅਗਰ ਉਸ ਗੁਰਦੁਆਰੇ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦਾ ਪ੍ਰਭਾਵ ਇਨ੍ਹਾਂ ਹੈ ਕਿ ਸੰਗਤ ਫਿਰ ਵੀ ਜਾਂਦੀ ਹੈ ਤਾਂ ਉਹ ਉਸ ਤਰ੍ਹਾਂ ਦਾ ਡੇਰਾ ਹੋਵੇਗਾ ਜਿਥੇ ਨਾ ਜਾਣ ਲਈ ਸੰਗਤ ਨੂੰ ਪ੍ਰੇਰਨਾ ਧਰਮ ਪ੍ਰਚਾਰਕ ਤੋਂ ਲੈਕੇ ਕਮੇਟੀ ਤਕ ਸਾਰਿਆਂ ਦਾ ਯਤਨ ਹੋਵੇਗਾ, ਇਕ ਕਿਸਮ ਦਾ ਇਹ ਸੋਸ਼ਲ ਬਾਇਕਾਟ ਹੋਵੇਗਾ। ਅਗਰ ਉਥੋਂ ਦੀ ਮਸ਼ੀਨਰੀ ਨੂੰ ਇਹ ਲੱਗੇ ਕਿ ਉਹ ਸੰਗਤ ਨੂੰ ਪ੍ਰਭਾਵਿਤ ਨਹੀਂ ਕਰ ਪਾ ਰਹੇ ਹਨ ਤਾਂ ਮਾਮਲਾ ਟੀ ਜੇ ਬੀ ਦੇ ਸਨਮੁੱਖ ਆਵੇਗਾ। ਟੀ ਜੇ ਬੀ ਸਿੱਖ ਸੰਗਤ ਨੂੰ ਇਸ ਪੱਖੋਂ ਹੁਕਮਨਾਮਾ ਜਾਰੀ ਕਰ ਸਕਦਾ ਹੈ।

## ਹੁਕਮਨਾਮਾ ਜਾਰੀ ਕਰਨ ਬਾਰੇ

ਪਿੱਛੇ ਜਿਹੇ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਨਾਮੇ ਕਿੰਤੂ ਪਰੰਤੂ ਦਾ ਵਿਸ਼ਾ ਬਣੇ ਹਨ। ਇਹ ਬੜੀ ਮੰਦਭਾਗੀ ਗੱਲ ਹੈ ਕਿ ਸਿੱਖਾਂ ਵਿਚੋਂ ਹੀ ਕੋਈ ਗਰੁਪ ਹੁਕਮਨਾਮੇ ਦੀ ਆਲੋਚਨਾ ਕਰਨ ਲੱਗ ਪੈਂਦੇ ਹਨ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹੋ ਜਿਹਾ ਮੌਕਾ ਕਿਉਂ ਆਉਂਦਾ ਹੈ ਕਿ ਇਹ ਆਲੋਚਨਾ ਹੁੰਦੀ ਹੈ। ਪਿੱਛੇ ਜਿਹੇ ਇਕ ਹੋਰ ਤਖਤ ਦੇ ਜੱਥੇਦਾਰ ਨੇ ਵੀ ਹੁਕਮਨਾਮਾ ਜਾਰੀ ਕਰ ਦਿੱਤਾ। ਕਈ ਹੁਕਮਨਾਮੇ ਤਾਂ ਕਿਸੇ ਵਿਅਕਤੀ ਵਿਸ਼ੇਸ਼ ਲਈ ਹੁੰਦੇ ਹਨ, ਕਈ ਵਾਰ ਅਕਾਲ ਤਖਤ ਸਾਹਿਬ 'ਤੇ ਕਿਸੇ ਵੀ ਵਿਅਕਤੀ ਨੂੰ ਬੁਲਾ ਲਿਆ ਜਾਂਦਾ ਹੈ। ਇਹ ਪ੍ਰਕ੍ਰਿਆ ਕਈ ਵਾਰ ਤਾਂ ਇੰਜ ਜਾਪਦੀ ਹੈ ਜਿਵੇਂ ਕਿਸੇ ਨੂੰ ਡਰਾਉਣ ਲਈ

ਇਸ ਤਰ੍ਹਾਂ ਕੀਤਾ ਗਿਆ ਹੈ। ਅਸਲ ਗੱਲ ਇਹ ਹੈ ਕਿ ਕਿਸੇ ਵਿਅਕਤੀ ਨੂੰ ਬੁਲਾਉਣ ਜਾਂ ਹੁਕਮਨਾਮਾ ਜਾਰੀ ਕਰਨ ਜਾਂ ਹੁਕਮਨਾਮੇ ਨੂੰ ਮਨਾਉਣ ਲਈ ਸਾਡੇ ਕੋਲ ਕੋਈ ਸਿਸਟਮ ਹੀ ਨਹੀਂ। ਜੱਥੇਦਾਰ ਸਾਹਿਬ ਜੱਦ ਹੁਕਮਨਾਮਾ ਜਾਰੀ ਕਰਦੇ ਹਨ ਤਾਂ ਉਹ ਨੇਚੁਰਲ ਜਸਟਿਸ ਦੇ ਸੁਨਹਿਰੀ ਅਸੂਲਾਂ ਨੂੰ ਭੁਲ ਜਾਂਦੇ ਹਨ। ਸਾਡੇ ਪ੍ਰਸਤਾਵਿਤ ਢਾਂਚੇ ਵਿਚ ਇਸ ਪੱਖੋਂ ਸਾਡੇ ਵਿਚਾਰ ਹੇਠ ਲਿਖੇ ਹਨ।

ਅਗਰ ਕਿਸੇ ਵਿਅਕਤੀ ਦੇ ਵਿਰੁੱਧ ਕੋਈ ਵਿਅਕਤੀ ਜਾਂ ਸੰਸਥਾ ਸ਼ਿਕਾਇਤ ਕਰਦੀ ਹੈ ਤੇ ਜਿਸ ਵਿਰੁੱਧ ਸ਼ਿਕਾਇਤ ਹੈ ਉਹ ਸਿੱਖ ਧਰਮ ਨੂੰ ਮੰਨਦਾ ਹੈ। ਤਾਂ ਜਿਹੜੀ ਵੀ ਕਮੇਟੀ ਕੋਲ ਇਹ ਸ਼ਿਕਾਇਤ ਆਵੇ ਉਹ ਸਬੰਧਿਤ ਜੱਥੇਦਾਰ ਨੂੰ ਇਹ ਸ਼ਿਕਾਇਤ ਭੇਜੇ। ਸ਼ਿਕਾਇਤ ਸਿੱਧੀ ਜੱਥੇਦਾਰ ਸਾਹਿਬ ਕੋਲ ਵੀ ਆ ਸਕਦੀ ਹੈ। ਜੱਥੇਦਾਰ ਸਾਹਿਬ ਆਪਣੇ ਸਲਾਹਕਾਰਾਂ ਨਾਲ ਸਲਾਹ ਕਰ ਕੇ ਅਗਰ ਇਹ ਸਮਝਦੇ ਹਨ ਕਿ ਸ਼ਿਕਾਇਤ ਵਿਚ ਕੋਈ ਦਮ ਨਹੀਂ ਤਾਂ ਉਸ ਨੂੰ ਉਥੇ ਹੀ ਖਤਮ ਕੀਤਾ ਜਾ ਸਕਦਾ ਹੈ। ਅਗਰ ਸ਼ਿਕਾਇਤ ਸੀਰੀਅਸ ਹੈ ਤਾਂ ਜੱਥੇਦਾਰ ਸਾਹਿਬ ਉਸ ਵਿਅਕਤੀ ਨੂੰ ਨੋਟਿਸ ਰਾਹੀਂ ਇਸ ਬਾਰੇ ਦੱਸਣ ਤੇ ਲਿਖਤ ਰੂਪ ਵਿਚ ਉਸ ਤੋਂ ਜਵਾਬ ਮੰਗਣ। ਅਗਰ ਉਹ ਚਾਹੁੰਣ ਤੇ ਉਸ ਵਿਅਕਤੀ ਨੂੰ ਕੋਈ ਇਤਰਾਜ ਨਾ ਹੋਵੇ ਤਾਂ ਉਸ ਨਾਲ ਮੁਲਾਕਾਤ ਵੀ ਕੀਤੀ ਜਾ ਸਕਦੀ ਹੈ। ਲਿਖਤ ਜਵਾਬ/ਸੁਣਵਾਈ ਤੋਂ ਬਾਅਦ ਜੱਥੇਦਾਰ ਸਾਹਿਬ ਉਸ ਨੂੰ ਇਸ ਪੱਖੋਂ ਸਮਝਾ ਕੇ ਅੱਗੋਂ ਤੋਂ ਇਸ ਤਰ੍ਹਾਂ ਨਾ ਕਰਨ ਦੀ ਤਾੜਨਾ ਦੇਕੇ ਕੋਈ ਸੇਵਾ ਲਾ ਸਕਦੇ ਹਨ। ਅਗਰ ਮਾਮਲਾ ਬਹੁਤ ਹੀ ਸੀਰੀਅਸ ਹੈ ਜਾਂ ਉਹ ਵਿਅਕਤੀ ਬਾਰ ਬਾਰ ਨੋਟਿਸ ਭੇਜਣ ਤੇ ਜਵਾਬ ਹੀ ਨਹੀਂ ਦੇਂਦਾ, ਸਹਿਯੋਗ ਹੀ ਨਹੀਂ ਕਰਦਾ ਤਾਂ ਮਾਮਲਾ ਟੀ ਜੇ ਬੀ ਕੋਲ ਜਾਵੇਗਾ। ਟੀ ਜੇ ਬੀ ਕੋਲ ਇਹ ਕਿਸ ਤਰ੍ਹਾਂ ਨਜਿੱਠਿਆ ਜਾਵੇਗਾ ਇਸ ਬਾਰੇ ਅੱਗੇ ਵਿਚਾਰ ਹੋ ਚੁੱਕੀ ਹੈ। ਕਈ ਮਾਮਲੇ ਐਸੇ ਹੁੰਦੇ ਹਨ ਜਿੱਥੇ ਕਿਸੇ ਵਿਅਕਤੀ ਜਾਂ ਸੰਸਥਾ ਦੇ ਵਿਰੁਧ ਬਹੁਤ ਸਾਰੇ ਲੋਕਾਂ ਨੂੰ ਸ਼ਿਕਾਇਤ ਹੁੰਦੀ ਹੈ ਉਥੇ ਵੀ ਮਾਮਲਾ ਟੀ ਜੇ ਬੀ ਦੇ ਸਾਹਮਣੇ ਹੀ ਹੋਵੇਗਾ। ਅਗਰ ਕੋਈ ਮਸਲਾ ਬਹੁਤ ਸਾਰੇ ਵਿਅਕਤੀਆਂ ਨਾਲ ਜਾਂ ਕੋਈ ਐਸੀ ਸਮਸਿਆ ਨਾਲ ਜਿਸ ਦਾ ਸਬੰਧ ਕੌਮ ਨਾਲ ਹੋਵੇ ਉਹ ਵੀ ਟੀ ਜੇ ਬੀ ਦੁਆਰਾ ਹੀ ਨਿਪਾਇਆ ਜਾਏਗਾ। ਐਸੇ ਕਿਸੀ ਮਾਮਲੇ ਵਿਚ ਆਪਣੇ ਫੈਸਲੇ ਵੱਜੋਂ ਟੀ ਜੇ ਬੀ ਕਿਸੇ ਵਿਅਕਤੀ ਵਿਸ਼ੇਸ਼ ਜਾਂ ਪੂਰੀ ਕੌਮ ਨੂੰ ਹੁਕਮਨਾਮਾ ਜਾਰੀ ਕਰ ਸਕਦੀ ਹੈ।

## ਸਰਬਤ ਖਾਲਸਾ ਕਿਵੇਂ ਬੁਲਾਇਆ ਜਾ ਸਕਦਾ ਹੈ

ਜਿਸ ਤਰ੍ਹਾਂ ਕਿ ਉਤੇ ਦੱਸਿਆ ਗਿਆ ਸੀ ਕਿ ਅਗਰ ਕੋਈ ਮਸਲਾ ਐਸਾ ਹੈ ਜਿਸ ਤੇ ਟੀ ਜੇ ਬੀ ਸਰਬਤ ਖਾਲਸਾ ਬੁਲਾਉਣਾ ਚਾਹੁੰਦੀ ਹੈ ਤਾਂ ਟੀ ਜੇ ਬੀ ਉਹ ਮਸਲਾ ਪੂਰੀ ਤਰ੍ਹਾਂ ਲਿਖ ਕੇ ਤੇ ਉਹ ਸੰਗਤ ਤੋਂ ਕੀ ਜਾਨਣਾ ਚਾਹੁੰਦੇ ਹਨ ਇਸ ਬਾਰੇ ਆਪਣੇ ਵਿਚਾਰ ਦੇ ਕੇ ਸਬ ਕਮੇਟੀਆਂ ਨੂੰ ਭੇਜਣਗੇ। ਇਹ ਕਮੇਟੀਆਂ ਉਸ ਦੀ ਕਾਪੀ ਸਾਰੇ ਇਤਿਹਾਸਿਕ ਤੇ ਨਾਨ-ਇਤਿਹਾਸਿਕ ਗੁਰਦੁਆਰੇ ਜੋ ਉਨ੍ਹਾਂ ਕੋਲ ਰਜਿਸਟਰਡ ਹਨ ਉਨ੍ਹਾਂ ਕੋਲ ਭੇਜਣਗੀਆਂ। ਸੂਬਾਈ ਕਮੇਟੀਆਂ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ 15 ਦਿਨ ਦਾ ਸਮਾਂ ਦੇਣਗੀਆਂ ਕਿ ਉਹ ਆਪਣੀ ਸੰਗਤ ਵਿਚ ਵਿਚਾਰ ਕਰਕੇ ਉਸ ਮਸਲੇ 'ਤੇ ਆਪਣੀ ਰਾਏ ਭੇਜਣ। ਕੋਈ ਵੀ ਸੂਬਾਈ ਕਮੇਟੀ ਆਪਣੇ ਇਲਾਕੇ ਵਿਚ ਪੈਂਦੇ ਹੋਏ ਗੁਰਦੁਆਰਿਆਂ ਦੀਆਂ ਕਮੇਟੀਆਂ ਦੀ ਰਾਏ ਦੇ ਆਧਾਰ ਤੇ ਆਪਣੀ ਰਿਪੋਰਟ ਆਪਣੇ ਵਿਚਾਰਾਂ ਤੇ ਟਿਪਣੀਆਂ ਸਮੇਤ ਟੀ ਜੇ ਬੀ ਨੂੰ ਭੇਜੇਗੀ। ਨਾਲ ਇਕ ਸਰਵੇ ਚਾਰਟ ਵੀ ਭੇਜਿਆ ਜਾਏਗਾ ਜਿਸ ਵਿਚ ਚਾਰਟ ਰਾਹੀਂ ਗੁਰਦੁਆਰਿਆਂ ਦੀਆਂ ਕਮੇਟੀਆਂ ਦੀ ਰਾਏ ਦਰਸਾਈ ਜਾਏਗੀ। ਮੰਨ ਲਵੋ ਮਸਲਾ ਹੈ ਕਿ ਲੰਗਰ ਥੱਲੇ ਬੈਠ ਖਾਣਾ ਚਾਹੀਦਾ ਹੈ ਜਾਂ ਕੁਰਸੀਆਂ

'ਤੇ, ਕਮੇਟੀ ਦੱਸੇਗੀ ਕਿ 60 ਕਮੇਟੀਆਂ ਦੀ ਰਾਏ ਹੈ ਕਿ ਥੱਲੇ ਬੈਠ ਕੇ ਖਾਣਾ ਚਾਹੀਦਾ ਹੈ ਤੇ 53 ਦੀ ਰਾਏ ਹੈ ਕਿ ਕੁਰਸੀਆਂ ਮੈਜਾਂ ਦਾ ਇਸਤੇਮਾਲ ਕਰਨਾ ਗਲਤ ਨਹੀਂ। ਜੱਦੋਂ ਟੀ ਜੇ ਬੀ ਕੋਲ ਇਕ ਮਹੀਨੇ ਦੇ ਅੰਦਰ ਅੰਦਰ ਸਾਰੀਆਂ ਕਮੇਟੀਆਂ ਦੀ ਰਿਪੋਰਟ ਆ ਜਾਏਗੀ ਤਾਂ ਉਨ੍ਹਾਂ ਨੂੰ ਆਧਾਰ ਬਣਾ ਕੇ ਫੈਸਲਾ ਲਿਆ ਜਾਏਗਾ ਜੋ ਸਰਬਤ ਖਾਲਸਾ ਦਾ ਫੈਸਲਾ ਹੋਵੇਗਾ।

## ਕੀਰਤਨੀਏ, ਕਥਾਕਾਰ ਆਦਿ ਦੀ ਰਜਿਸਟਰੇਸ਼ਨ

ਸਿੱਖ ਧਰਮ ਦੇ ਪ੍ਰਚਾਰ ਵਿਚ ਰਾਗੀਆਂ, ਕਥਾਕਾਰਾਂ, ਢਾਡੀਆਂ ਤੇ ਪਾਠੀਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸ ਨੂੰ ਹੋਰ ਲਾਹੇਵੰਦ ਬਨਾਉਣ ਲਈ ਇਨ੍ਹਾਂ ਦੀ ਰਜਿਸਟੇਰਸ਼ਨ ਕਰਕੇ ਇਨ੍ਹਾਂ ਦੇ ਕੰਮ ਨੂੰ ਰੈਗੁਲੇਟ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਉਨ੍ਹਾਂ ਦੀ ਕੁਲ ਗਿਣਤੀ ਦਾ ਡਾਟਾ ਸਾਡੇ ਕੋਲ ਹਰ ਵੇਲੇ ਉਪਲਬਧ ਰਹੇਗਾ, ਉਥੇ ਹੀ ਉਨ੍ਹਾਂ ਦੀਆਂ ਕਾਰਗੁਜ਼ਾਰੀਆਂ, ਉਨ੍ਹਾਂ ਦੀਆਂ ਪ੍ਰਚਾਰ ਕਰਨ ਦੀ ਰੁਚੀ ਢੰਗ ਤੇ ਉਦਮਾਂ ਬਾਰੇ ਵੀ ਲਗਾਤਾਰ ਰਿਪੋਰਟ ਮਿਲਦੀ ਰਹੇਗੀ। ਸੋ ਹਰ ਉਹ ਵਿਅਕਤੀ ਜੋ ਰਾਗੀ ਦਾ ਕੰਮ ਕਰਨਾ ਚਾਹੁੰਦਾ ਹੈ ਆਪਣੇ ਆਪ ਨੂੰ ਆਪਣੇ ਇਲਾਕੇ ਨਾਲ ਸਬੰਧਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਪੱਤਰ ਦੇ ਕੇ ਰਜਿਸਟਰ ਕਰਵਾ ਸਕਦਾ ਹੈ। ਉਹ ਅਰਜੀ ਧਰਮ ਪ੍ਰਚਾਰਕ ਦੇ ਜਰੀਏ ਜਾਵੇਗੀ ਤੇ ਧਰਮ ਪ੍ਰਚਾਰਕ ਇਸ ਨੂੰ ਭੇਜਣ ਤੋਂ ਪਹਿਲਾਂ ਆਪਣੇ ਵਿਚਾਰ ਦੇਵੇਗਾ। ਅਗਰ ਉਸਨੂੰ ਉਸ ਵਿਅਕਤੀ ਦੇ ਰਾਗੀ ਹੋਣ ਵਿਚ ਕੋਈ ਇਤਰਾਜ ਨਹੀਂ ਤਾਂ ਪ੍ਰਬੰਧਕ ਕਮੇਟੀ ਉਸਨੂੰ ਰਜਿਸਟਰ ਕਰ ਲਵੇਗੀ ਤੇ ਇਕ ਰਜਿਸਟਰੇਸ਼ਨ ਨੰਬਰ ਦੇਵੇਗੀ। ਕਿਉਂਕਿ ਹਰ ਸੂਬੇ ਦੀ ਕਮੇਟੀ ਨੇ ਅਲੱਗ-ਅਲੱਗ ਨੰਬਰ ਦੇਣੇ ਹਨ ਸੋ ਇਸ ਬਾਰੇ ਗੁਰਦੁਆਰਿਆਂ ਦੀ ਰਜਿਸਟਰੇਸ਼ਨ ਦੀ ਸੀਰਿਜ਼ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਸਿਰਫ ਉਥੇ ਗੁਰਦੁਆਰਿਆਂ ਦਾ ਨਾਮ ਆਵੇਗਾ ਤੇ ਇਥੇ ਰਾਗੀ ਦਾ ਨਾਮ ਤਾਂਕਿ ਸਹੀ ਪਛਾਣ ਹੋ ਸਕੇ। ਰਜਿਸਟੇਸ਼ਰਨ ਰਾਗੀ ਦੇ ਨਾਲ ਕੀਰਤਨ ਕਰਨ ਵਾਲਿਆਂ ਦੀ ਵੀ ਜ਼ਰੂਰੀ ਹੈ ਉਹ ਚਾਹੁੰਣ ਤਾਂ ਇਕ ਜੱਥੇ ਵੱਜੋਂ ਵੀ ਰਜਿਸਟੇਸ਼ਨ ਕਰਵਾ ਸਕਦੇ ਹਨ ਜਿਸ ਵਿਚ ਸਾਰਿਆਂ ਦੇ ਨਾਮ ਦਰਜ ਹੋਣ ਇਨ੍ਹਾਂ ਵਿਚ ਸਾਜ ਵਜਾਉਣ ਵਾਲੇ ਵੀ ਸ਼ਾਮਿਲ ਹਨ। ਰਾਗੀਆਂ ਤੋਂ ਇਲਾਵਾ ਢਾਡੀਆਂ ਦੀ ਤੇ ਕਥਾਕਾਰਾਂ ਦੀ ਰਜਿਸਟਰੇਸਨ ਵੀ ਜ਼ਰੂਰੀ ਹੈ। ਪਾਠੀਆਂ ਦੀ ਰਜਿਸਟਰੇਸ਼ਨ ਧਰਮ ਪ੍ਰਚਾਰਕ ਦੇ ਸਤਰ ਤੇ ਹੀ ਹੋਣੀ ਚਾਹੀਦੀ ਹੈ ਤਾਂਕਿ ਹਰ ਇਲਾਕੇ ਦੇ ਧਰਮ ਪ੍ਰਚਾਰਕ ਨੂੰ ਇਹ ਪਤਾ ਹੋਵੇ ਕਿ ਉਸ ਦੇ ਇਲਾਕੇ ਵਿਚ ਕਿਹੜੇ ਪਾਠੀ ਹਨ ਤੇ ਉਹ ਕਿਹੜੇ-ਕਿਹੜੇ ਗੁਰਦੁਆਰੇ ਵਿਚ ਕੰਮ ਕਰਦੇ ਹਨ।

## ਰਾਗੀਆਂ ਲਈ ਕੋਰਸ ਤੇ ਉਹਨਾਂ ਦੀ ਕੈਟਾਗਰੀ

ਰਾਗੀਆਂ ਲਈ, ਕਥਾਕਾਰਾਂ ਲਈ ਤੇ ਸਾਜ ਵਜਾਉਣ ਵਾਲਿਆਂ ਲਈ ਛੇ ਮਹੀਨੇ ਦਾ ਇਕ ਕੋਰਸ ਕਰਨਾ ਜ਼ਰੂਰੀ ਹੈ ਜਿਸਨੂੰ ਕਰਨ ਤੋਂ ਬਾਦ ਉਹਨਾਂ ਨੂੰ ਬੀ ਕੈਟੇਗਰੀ ਦੇ ਰਾਗੀ ਸਾਜ ਵਜਾਉਣ ਵਾਲੇ ਤੇ ਕਥਾਕਾਰ ਵੱਜੋਂ ਕੰਮ ਕਰਨ ਦੀ ਇਜਾਜ਼ਤ ਹੋਵੇਗੀ। ਇਹ ਕੋਰਸ ਕਰਨ ਲਈ ਉਨ੍ਹਾਂ ਦਾ ਮੈਟਰਿਕ ਪਾਸ ਹੋਣਾ ਜ਼ਰੂਰੀ ਹੈ ਰਜਿਸਟਰੇਸ਼ਨ ਲਈ ਤੇ ਇਸ ਕੋਰਸ ਲਈ ਬਹੁਤ ਥੋੜੀ ਜਿਹੀ ਫੀਸ ਰੱਖੀ ਜਾਏਗੀ। ਜੋ ਰਾਗੀ ਜਾਂ ਕਥਾਕਾਰ ਜਾਂ ਸਾਜ ਵਜਾਉਣ ਵਾਲੇ ਏ ਕੈਟੇਗਰੀ ਵਿਚ ਰਜਿਸਟਰ ਕਰਵਾਉਣਾ ਚਾਹੁੰਣ ਤਾਂ ਉਨ੍ਹਾਂ ਨੂੰ ਇਕ ਸਾਲ ਦਾ ਕੋਰਸ ਕਰਨਾ ਪਵੇਗਾ। ਕੋਰਸ ਕਰਨ ਦੀ ਸ਼ਰਤ ਕੁਝ ਲੋਕਾਂ ਤੇ ਨਹੀਂ ਲਾਗੂ ਹੋਵੇਗੀ ਜਿਵੇਂ ਕਿ ਜਿਨ੍ਹਾਂ ਨੇ ਬੀ ਏ ਜਾਂ ਐਮ.ਏ ਦੀ ਡਿਗਰੀ ਪੰਜਾਬੀ ਸਾਹਿਤ ਵਿਚ, ਸਿੱਖ ਧਰਮ ਵਿਚ ਜਾਂ ਗੁਰਮਤਿ ਸੰਗੀਤ ਵਿਚ ਲਿਤੀ ਹੋਵੇ। ਇਸ ਕੋਡ ਨੂੰ ਲਾਗੂ ਕਰਨ ਤੋਂ ਘੱਟੋਂ ਘੱਟ ਦੋ ਸਾਲ ਪਹਿਲਾਂ ਤੋਂ ਜੋ ਕੀਰਤਨ ਕਰ

ਰਹੇ ਹੋਣ ਉਨ੍ਹਾਂ ਨੂੰ ਵੀ ਇਹ ਕੋਰਸ ਨਹੀਂ ਕਰਨਾ ਪਵੇਗਾ। ਉਨ੍ਹਾਂ ਦੀ ਰਜਿਸਟਰੇਸ਼ਨ ਅਤੇ ਕੰਮ ਕਰਨ ਦੀ ਇਜਾਜ਼ਤ ਤੁਰੰਤ ਲਾਗੂ ਹੋ ਜਾਵੇਗੀ। ਪਰ ਰਜਿਸਟਰੇਸ਼ਨ ਨੰਬਰ ਲੈਣਾ ਪਵੇਗਾ। ਉਨ੍ਹਾਂ ਦੀ ਕੈਟੇਗਰੀ ਉਨ੍ਹਾਂ ਦੇ ਤਜਰਬੇ, ਰੇਪੁਟੇਸ਼ਨ ਦੇ ਆਧਾਰ 'ਤੇ ਕੀਤੀ ਜਾਏਗੀ। ਏ ਕੈਟੇਗਰੀ ਲਈ ਘੱਟੋ ਘੱਟ ਸਮਾਂ ਨਿਰਧਾਰਿਤ ਕੀਤਾ ਜਾਏਗਾ ਜੋ ਉਨ੍ਹਾਂ ਨੇ ਆਪਣੇ ਪੇਸ਼ੇ ਵਿਚ ਬਿਤਾਇਆ ਹੋਵੇ।

## ਰਾਗੀਆਂ ਲਈ ਭੇਟਾ ਤੇ ਉਹਨਾਂ ਨਾਲ ਸੰਪਰਕ ਦਾ ਢੰਗ

ਰਜਿਸਟਰੇਸ਼ਨ ਕਰਨ ਤੋਂ ਬਾਦ ਉਸ ਇਲਾਕੇ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੀ ਭੇਟਾ ਨਿਰਧਾਰਿਤ ਕਰੇਗੀ। ਇਹ ਭੇਟਾ ਕਿਨ੍ਹੀਂ ਹੋਣੀ ਚਾਹੀਦੀ ਹੈ ਤੇ ਇਸਦਾ ਕਿ ਆਧਾਰ ਹੋਣਾ ਚਾਹੀਦਾ ਹੈ, ਇਸ ਦਾ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਬ ਕਮੇਟੀਆਂ ਨਾਲ ਸਲਾਹ ਕਰਕੇ, ਉਨ੍ਹਾਂ ਦੀ ਰਿਪੋਰਟ ਲੈਕੇ ਕਰੇਗੀ। ਉਸ ਤੋਂ ਬਾਦ ਇਤਿਹਾਸਿਕ ਗੁਰਦੁਆਰਿਆਂ ਨੂੰ ਛੱਡ ਕੇ ਹੋਰ ਕਿਸੇ ਵੀ ਗੁਰਦੁਆਰੇ ਵਿਚ ਜਾਂ ਕਿਸੇ ਵੀ ਵਿਅਕਤੀ ਨੇ ਆਪਣੇ ਨਿਜੀ ਸਮਾਗਮ ਵਿਚ, ਜਾਂ ਕਿਸੇ ਸੰਸਥਾ ਨੇ ਇਕ ਜਾਂ ਜ਼ਿਆਦਾ ਕੀਰਤਨੀਆਂ ਨੂੰ ਬੁਲਾਉਣਾ ਹੋਵੇ ਤਾਂ ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਉਸ ਸ਼ਾਖਾ ਨਾਲ ਸੰਪਰਕ ਕਰਨਗੇ ਜੋ ਇਸ ਨਾਲ ਡੀਲ ਕਰਦੀ ਹੋਵੇਗੀ। ਅਗਰ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫਤਰ ਉਸ ਸ਼ਹਿਰ ਤੋਂ ਦੂਰ ਹੈ ਤਾਂ ਧਰਮ ਪ੍ਰਚਾਰ ਸੇਵਾ ਦਾ ਅਵਸਰ ਕਮੇਟੀ ਦੇ ਬਿਹਾਫ 'ਤੇ ਇਹ ਕੰਮ ਕਰੇਗਾ। ਹਰ ਰਾਗੀ ਨੂੰ (ਜੱਥੇ ਸਮੇਤ ਆਪਣੀ ਨਿਰਧਾਰਿਤ ਕੀਤੀ ਹੋਈ ਭੇਟਾ ਦੀ ਰਾਸ਼ੀ ਦਾ 20% (ਪੰਜਵਾਂ ਹਿੱਸਾ) ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜਮਾ ਕਰਵਾਉਣਾ ਹੋਵੇਗਾ। ਇਹ ਫੀਸ ਕਮੇਟੀ ਨੂੰ ਰਾਗੀਆਂ ਬਾਰੇ ਬੇਨਤੀ ਕਰਨ ਵੇਲੇ ਕੀਰਤਨ ਕਰਵਾਉਣ ਵਾਲੀ ਪਾਰਟੀ ਨੂੰ ਹੀ ਜਮਾ ਕਰਵਾਉਣੀ ਪਵੇਗੀ ਤੇ ਬਾਕੀ ਦੀ ਭੇਟਾਂ ਰਾਗੀ ਜੱਥੇ ਨੂੰ ਕੀਰਤਨ ਉਪਰੰਤ ਦੇਣੀ ਪਵੇਗੀ। ਮਿਸਾਲ ਦੇ ਤੌਰ 'ਤੇ ਜਬਲਪੁਰ ਦੀ ਇਕ ਸੰਸਥਾ ਕਿਸੇ ਜੱਥੇ ਸਿੰਘ ਐਂਡ ਸਿੰਘ ਦਾ ਕੀਰਤਨ ਕਰਵਾਉਣਾ ਚਾਹੁੰਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫਤਰ ਭੋਪਾਲ ਵਿਚ ਹੈ ਤਾਂ ਉਹ ਸੰਸਥਾ ਜਬਲਪੁਰ ਦੇ ਐਸਡੀਪੀਐਸ ਅਫਸਰ ਨੂੰ ਇਸ ਬਾਰੇ ਇਕ ਅਰਜ਼ੀ ਦੇਣਗੇ ਤੇ ਅਗਰ ਉਸ ਰਾਗੀ ਜੱਥੇ ਦੀ ਭੇਟਾ 5000/- ਰੁਪਏ ਹੈ ਤਾਂ 1000/- ਰੁਪਏ ਜਮਾ ਕਰਵਾਉਣਗੇ ਉਹ ਅਫਸਰ ਉਸ ਬੇਨਤੀ ਨੂੰ ਤੁਰੰਤ ਕਮੇਟੀ ਕੋਲ ਈ-ਮੇਲ ਜਾਂ ਫੈਕਸ ਰਾਹੀਂ ਭੇਜੇਗਾ ਅਤੇ 1000/- ਰੁਪਏ ਕਮੇਟੀ ਦੇ ਖਾਤੇ ਵਿਚ ਜਮਾ ਕਰਵਾ ਦੇਵੇਗਾ। ਕਮੇਟੀ ਨਾਲ ਸਬੰਧਤ ਅਧਿਕਾਰੀ ਰਾਗੀਆਂ ਦਾ ਸ਼ੇਡਯੂਲ ਦੇਖਣ ਤੋਂ ਬਾਦ ਅਗਰ ਉਨ੍ਹਾਂ ਦਾ ਪ੍ਰੋਗਰਾਮ ਹੋਰ ਨਹੀਂ ਹੈ, ਇਸ ਦੀ ਇਜਾਜ਼ਤ ਦੇ ਦੇਵੇਗਾ ਤੇ ਰਾਗੀ ਜੱਥੇ ਨੂੰ ਇਸ ਪ੍ਰੋਗਰਾਮ ਦੀ ਸੂਚਨਾ ਦੇਵੇਗਾ। ਰਾਗੀ ਜੱਥੇ ਦੇ ਉਸ ਅਸਥਾਨ ਉਤੇ ਜਾਣ ਦਾ ਖਰਚਾ ਕਿਸ ਨੇ ਕਰਨਾ ਹੈ ਇਹ ਰਾਗੀ ਜੱਥੇ ਅਤੇ ਪਾਰਟੀ ਦੇ ਦਰਿਮਆਨ ਹੈ। ਉਥੇ ਪਹੁੰਚਣ ਬਾਦ ਅਗਰ ਜੱਥੇ ਦੇ ਠਹਿਰਣ ਦਾ ਇੰਤਜਾਮ ਕਰਨਾ ਹੈ ਜਾਂ ਉਨ੍ਹਾਂ ਦੇ ਲੰਗਰ ਪਾਣੀ ਦੇ ਇੰਤਜਾਮ ਦੀ ਲੋੜ ਹੈ ਇਹ ਕੀਰਤਨ ਕਰਵਾਉਣ ਵਾਲੇ ਦੀ ਜਿੰਮੇਵਾਰੀ ਹੈ। ਰਾਗੀ ਜੱਥੇ ਦੇ ਵਾਜੇ 'ਤੇ ਜੋ ਵੀ ਚੜ੍ਹਾਵਾ ਚੜਦਾ ਹੈ ਉਹ ਪੂਰੇ ਦਾ ਪੂਰਾ ਰਾਗੀ ਜੱਥੇ ਦਾ ਹੀ ਹੈ ਤੇ ਜੱਥਾ ਜਿਦਾਂ ਚਾਹੇ ਉਸਦਾ ਇਸਤੇਮਾਲ ਕਰ ਸਕਦਾ ਹੈ। ਭਾਵੇਂ ਉਹ ਉਸ ਨੂੰ ਗੁਰਦੁਆਰੇ ਹੀ ਦੇ ਦੇਵੇ।

## ਰਾਗੀਆਂ ਲਈ ਰੋਸਟਰ

ਅਗਰ ਇਕ ਸੂਬੇ ਦੇ ਜੱਥੇ ਨੇ ਦੂਸਰੇ ਕਿਸੇ ਸੂਬੇ ਵਿਚ ਜਾਣਾ ਹੈ ਤਾਂ ਐਸ ਡੀ ਪੀ ਐਸ ਦਾ ਅਫਸਰ ਆਪਣੇ ਸੂਬੇ ਦੀ ਕਮੇਟੀ ਤੇ ਦੂਜੇ ਸੂਬੇ ਦੀ ਕਮੇਟੀ ਦੋਨਾਂ ਨੂੰ ਹੀ ਇਸ ਗੱਲ ਦੀ ਇਤਲਾਹ ਦੇਵੇਗਾ ਪਰ

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰੁ ਨਾ ਜਾਣਾ ਤੇਰੀ।।
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ।। (750)

## HEARTIEST GREETINGS ON THE OCCASION OF 550th BIRTH ANNIVERSARY OF SRI GURU NANAK DEV JI AND BEST WISHES FOR KES SAMBHAL PARCHAR SANSTHA FOR BRINGING OUT THE 75th SPECIAL ISSUE OF 'JEEWAN RISHMA', DEDICATED TO THIS OCCASION.



SATNAM SINGH BAJAJ – 98100 33155
AMANDEEP SINGH BAJAJ – 98106 33155
98107 33155

# BAJAJ ESTATES

Locating better space for you...

**REAL ESTATE CONSULTANT**

Commercial / Residential / Shop /Showroom

Sale – Purchase – Renting – Leasing

**H.O. : J-109 Bajaj Chowk, Main Market Rajouri Garden, New Delhi-27**
**Email :**



ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ।।
ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ।।੧।। (ਪੰਨਾ 256)

*Heartiest Greetings on the occasion of*
*550th Birth Anniversary of Sri Guru Nanak Dev Ji*
*and best wishes for Kes Sambhal Parchar Sanstha*
*for bringing out the 75th special issue of Jeewan Rishma.*



**Amrita Pall**



**Neena Ahluwalia**

**Blessed by Bhai Jasbir Singh Ji Khalsa,**
**I congratulate all the people of the world on the**
**550th Birth Anniversary of our great Guru, Sri Guru Nanak Dev Ji**
**about which the poet Kal says**

'ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।।੨।।'

**I also convey my best wishes to Kes Sambhal Parchar Sanstha for dedicating their 75th Special Issue of Jiwan Rishma to this great occasion-Surjeet Singh Sabharwal, Rajouri Garden, Delhi**




## SRI GURU HARKRISHAN SAHIB CHARITABLE EYE HOSPITAL TRUST, SOHANA

SGHS HOSPITALS

SECTOR-77, AJEETGARH (MOHALI, PUNJAB) NEAR CHANDIGARH
Phone : 0160-6607777
Email : contact@sghshospitals.com
Website : www.sghshospitals.com

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।।
(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੮)



Gurdwara Kartarpur Sahib (Pakistan)

ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਪ੍ਰਕਾਸ਼ ਉਤਸਵ ਦੀ
ਸਾਰੇ ਜਗਤ ਨੂੰ ਬਹੁਤ ਬਹੁਤ ਵਧਾਈ ਹੋਵੇ।
ਕੇਸ ਸੰਭਾਲ ਪ੍ਰਚਾਰ ਸੰਸਥਾ ਵੀ ਵਧਾਈ ਦੀ ਪਾਤਰ ਹੈ ਜਿਨ੍ਹਾਂ ਨੇ ਆਪਣੇ ਮੈਗਜ਼ੀਨ
'ਜੀਵਨ ਰਿਸ਼ਮਾਂ' ਦਾ 75ਵਾਂ ਅੰਕ ਇਸ ਮਹਾਨ ਦਿਵਸ ਨੂੰਸਮਰਪਿਤ ਕੀਤਾ ਹੈ।



Ranjeet Singh

Dham Plywood House

A-61, GULAB BAGH, NAJAFGARH ROAD,
UTTAM NAGAR, NEW DELHI-110059
TEL. : 01125333871
MOB. : 9810104268

ਪੈਸੇ ਉਸ ਸੂਬੇ ਦੀ ਕਮੇਟੀ ਦੇ ਖਾਤੇ ਵਿਚ ਜਮਾ ਕਰਵਾਏਗਾ ਜਿਥੇ ਕੀਰਤਨ ਹੋਣਾ ਹੈ। ਢਾਡੀਆਂ ਤੇ ਕਥਾਵਾਚਕਾਂ ਨੂੰ ਵੀ ਪ੍ਰੋਗਰਾਮ ਇਸ ਤਰ੍ਹਾਂ ਹੀ ਮਿਲਣਗੇ। ਅਗਰ ਕੋਈ ਪਾਰਟੀ ਕੀਰਤਨ ਕਰਾਉਣ ਲਈ ਕੋਈ ਖਾਸ ਰਾਗੀ ਦਾ ਜ਼ਿਕਰ ਨਹੀਂ ਕਰਦੀ ਤਾਂ ਕਮੇਟੀ ਸਾਰੇ ਰਾਗੀਆਂ ਨੂੰ ਇਕ ਰੋਸਟਰ ਬਣਾ ਕੇ ਨੰਬਰ ਵਾਰ ਪ੍ਰੋਗਰਾਮ ਦੇਵੇਗੀ। ਉਸ ਤਰ੍ਹਾਂ ਹੀ ਜਿਸ ਤਰ੍ਹਾਂ ਇੰਸਟੀਟਿਊਟ ਸਾਰੇ ਚਾਰਟਰਡ ਐਕਾਉਂਟੇਂਟਸ ਨੂੰ ਬੈਂਕਾਂ ਦੀਆਂ ਬ੍ਰਾਂਚਾਂ ਵੰਡਦਾ ਹੈ। ਕਮੇਟੀ ਦਾ ਇਹ ਫਰਜ਼ ਹੈ ਕਿ ਉਹ ਯਕੀਨੀ ਬਣਾਵੇ ਕਿ ਹਰ ਜੱਥੇ ਨੂੰ ਕੁਝ ਪ੍ਰੋਗਰਾਮ ਜ਼ਰੂਰ ਮਿਲਣ। ਜੋ ਰਾਗੀ ਕਿਸੇ ਗੁਰਦੁਆਰੇ ਵਿਚ ਉਥੋਂ ਦੇ ਹਜ਼ੂਰੀ ਰਾਗੀ ਬਣ ਕੇ ਨੌਕਰੀ ਕਰਦੇ ਹਨ, ਉਨ੍ਹਾਂ ਨੂੰ ਤੈਅ ਕੀਤੀ ਹੋਈ ਤਨਖਾਹ ਪੂਰੀ ਮਿਲੇਗੀ ਤੇ 20% ਦੇਣ ਵਾਲੀ ਸ਼ਰਤ ਲਾਗੂ ਨਹੀਂ ਹੋਵੇਗੀ। ਪਰ ਅਗਰ ਉਹ ਗੁਰਦੁਆਰੇ ਤੋਂ ਬਾਹਰ ਕੋਈ ਪ੍ਰੋਗਰਾਮ ਕਰਨਗੇ ਤਾਂ ਦੂਜਿਆਂ ਰਾਗੀਆਂ ਵਾਂਗ ਹੀ ਕਾਰਵਾਈ ਹੋਵੇਗੀ।

## ਪਾਠੀਆਂ ਬਾਰੇ

ਜਿਥੋਂ ਤੱਕ ਪਾਠੀਆਂ ਦਾ ਸਬੰਧ ਹੈ ਹਰ ਪਾਠੀ ਘੱਟੋ ਘੱਟ ਅਠਵੀਂ ਪਾਸ ਤੇ ਉਸ ਤੋਂ ਬਾਦ ਇਕ ਸਾਲ ਸ਼ੁਧ ਬਾਣੀ ਪੜ੍ਹਨ ਦੇ ਕੋਰਸ ਦਾ ਡਿਪਲੋਮਾ ਪਾਸ ਹੋਣਾ ਚਾਹੀਦਾ ਹੈ। ਉਹ ਬੀ ਸ਼੍ਰੇਣੀ ਦਾ ਪਾਠੀ ਹੋਵੇਗਾ। ਅਗਰ ਉਹ ਮੈਟ੍ਰਿਕ ਪਾਸ ਕਰਕੇ ਇਹ ਡਿਪਲੋਮਾ ਹਾਸਿਲ ਕਰਦਾ ਹੈ ਤਾਂ ਉਹ ਏ ਸ਼੍ਰੇਣੀ ਦਾ ਪਾਠੀ ਹੋਵੇਗਾ। ਅਗਰ ਕਿਸੇ ਕੋਲ ਬੀ ਏ ਜਾਂ ਉਤੇ ਦੀ ਯੋਗਤਾ ਹੈ ਹੋਰ ਉਸ ਨੇ ਉਸ ਵਿਚ ਪੰਜਾਬੀ ਵਿਸ਼ਾ ਲਿਆ ਹੋਇਆ ਹੈ ਤਾਂ ਉਸ ਨੂੰ ਸਿਰਫ ਛੇ ਮਹੀਨੇ ਹੀ ਇਹ ਕੋਰਸ ਕਰਨਾ ਪਵੇਗਾ। ਸ਼ੁਧ ਬਾਣੀ ਪੜ੍ਹਨ ਦੇ ਕੋਰਸ ਤੋਂ ਬਿਨ੍ਹਾਂ ਕੋਈ ਬੰਦਾ ਪਾਠੀ ਨਹੀਂ ਹੋਵੇਗਾ ਤੇ ਇਹ ਜਿੰਮੇਵਾਰੀ ਐਸ ਡੀ ਪੀ ਐਸ ਦੇ ਅਫਸਰ ਦੀ ਹੋਵੇਗੀ ਤੇ ਉਹ ਕਿਸੇ ਵੀ ਗੁਰਦੁਆਰੇ ਵਿਚ ਐਸਾ ਪਾਠੀ ਨਾ ਲੱਗਣ ਦੇਵੇ।

## ਅਕੈਡਮੀਆਂ ਖੋਲ੍ਹਣ ਬਾਰੇ

ਉਪਰੋਕਤ ਚਰਚਾ ਤੋਂ ਇਹ ਸਪੱਸ਼ਟ ਹੈ ਕਿ ਕਮੇਟੀਆਂ ਨੂੰ ਐਸੀਆਂ ਕਈ ਅਕੈਡਮੀਆਂ ਬਨਾਉਣੀਆਂ ਪੈਣਗੀਆਂ ਜਿਥੇ ਇਹੋ ਜਿਹੇ ਕੋਰਸ ਕਰਵਾਏ ਜਾਣ, ਰਾਗੀਆਂ ਲਈ, ਢਾਡੀਆਂ ਲਈ, ਸਾਜ ਵਜਾਉਣ ਲਈ, ਕਥਾਕਾਰਾਂ ਲਈ ਤੇ ਪਾਠੀਆਂ ਲਈ। ਇਨ੍ਹਾਂ ਅਕੈਡਮੀਆਂ ਵਿਚ ਸਮੇਂ ਸਮੇਂ ਤੇ ਸੈਮੀਨਾਰ, ਲੈਕਚਰ ਤੇ ਰਿਫਰੇਸ਼ਰ ਕੋਰਸ ਵੀ ਹੋਣੇ ਚਾਹੀਦੇ ਹਨ। ਜਿਥੇ ਵੀ ਇਹ ਅਕੈਡਮੀ ਹੋਵੇ, ਕਮੇਟੀ ਉਥੇ ਨਿਉਕਤ ਐਸ ਡੀ ਪੀ ਐਸ ਦੇ ਅਫਸਰ ਨੂੰ ਉਸ ਦੇ ਡਾਇਰੈਕਟਰ ਦੀ ਡਿਊਟੀ ਦੇ ਸਕਦੀ ਹੈ। ਤਾਂ ਕਿ ਸਾਰੇ ਕੋਰਸਸ ਉਹਦੀ ਦੇਖ ਰੇਖ ਵਿਚ ਹੋਣ।

To be Continued

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਸ੍ਰ: ਸੁਰਿੰਦਰਜੀਤ ਸਿੰਘ ਪਾਲ,
ਵੀ-239, ਰਾਜੌਰੀ ਗਾਰਡਨ,
ਨਵੀਂ ਦਿੱਲੀ।

☆☆☆

# ਸਰਬਤ ਖ਼ਾਲਸਾ

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਮੁਤਾਬਿਕ 18ਵੀਂ ਸਦੀ ਵਿਚ ਸਰਬਤ ਖ਼ਾਲਸਾ ਦਾ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਸਾਲ ਵਿਚ ਦੋ ਵਾਰੀ ਕਰਵਾਇਆ ਜਾਂਦਾ ਸੀ। ਆਮ ਤੌਰ 'ਤੇ ਵਿਸਾਖੀ ਅਤੇ ਦੀਵਾਲੀ ਵਰਗੇ ਮਹੱਤਵਪੂਰਨ ਦਿਨਾਂ ਨੂੰ। ਇਸ ਮੌਕੇ ਖ਼ਾਲਸਾ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜੁੜ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਆਪਣੇ ਤੇ ਆਏ ਬਿਖੜੇ ਸਮੇਂ ਬਾਰੇ ਡੂੰਘਾ ਵਿਚਾਰ-ਵਟਾਂਦਰਾ ਕਰਕੇ ਨਵੀਂ ਰਣਨੀਤੀ ਬਾਰੇ ਮਤਾ ਪਾਸ ਕਰਦਾ ਰਿਹਾ ਹੈ, ਜਿਸਨੂੰ 'ਗੁਰਮਤਾ' ਕਿਹਾ ਜਾਂਦਾ ਹੈ।

ਸਰਬਤ ਖ਼ਾਲਸਾ ਦੀ ਸ਼ੁਰੂਆਤ 18ਵੀਂ ਸਦੀ ਵਿਚ ਉਸ ਸਮੇਂ ਹੋਈ ਜਦੋਂ ਮੁਗ਼ਲ ਸਰਕਾਰ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਵਾਸਤੇ ਜ਼ੁਲਮ ਦਾ ਇਕ ਐਸਾ ਦੌਰ ਸ਼ੁਰੂ ਕੀਤਾ ਕਿ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਣ ਲੱਗ ਪਏ। ਸਿੱਖ ਆਪਣੀ ਹੋਂਦ ਬਚਾਉਣ ਵਾਸਤੇ ਦੂਰ ਪਹਾੜਾਂ ਅਤੇ ਜੰਗਲਾਂ ਵਿਚ ਜਾ ਛੁੱਪੇ। ਉਸ ਸਮੇਂ ਵਿਸਾਖੀ ਅਤੇ ਦੀਵਾਲੀ ਦੇ ਅਵਸਰ ਨੂੰ ਸਿੱਖ ਸ੍ਰੀ ਅੰਮ੍ਰਿਤਸਰ ਨਤਮਸਤਕ ਹੁੰਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਇਕੱਤਰ ਹੋ ਕੇ ਖ਼ਾਲਸਾ ਪੰਥ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾਂ ਕਰਕੇ ਸਰਬ ਸੰਮਤੀ ਨਾਲ 'ਗੁਰਮਤਾ' ਪਾਸ ਕਰਦੇ। ਇਸ ਸਮੇਂ ਦੌਰਾਨ ਹੀ ਸਿੱਖ ਮਿਸਲਾਂ ਹੋਂਦ ਵਿਚ ਆਈਆਂ ਸਨ। ਭਾਵੇਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਦੌਰਾਨ ਸਰਬੱਤ ਖ਼ਾਲਸਾ ਦਾ ਕੋਈ ਜ਼ਿਆਦਾ ਜ਼ਿਕਰ ਨਹੀਂ ਆਉਂਦਾ ਪਰ ਸਰਬੱਤ ਖ਼ਾਲਸਾ ਦੀ ਪ੍ਰਥਾ ਅੱਜ ਵੀ ਉਸੇ ਤਰ੍ਹਾਂ ਹੀ ਜਿਊਂਦੀ ਹੈ।

ਬੀਤੇ ਸਮਿਆਂ 'ਚ ਜਿੰਨੇ ਵੀ ਸਰਬੱਤ ਖ਼ਾਲਸਾ ਹੋਏ ਹਨ, ਉਹ ਸਾਰੇ ਹੀ ਬੜੇ ਸਫ਼ਲ ਮੰਨੇ ਜਾਂਦੇ ਹਨ। ਉਹਨਾਂ ਸਰਬੱਤ ਖ਼ਾਲਸਾ ਦੌਰਾਨ ਪਾਸ ਕੀਤੇ ਗਏ ਸਾਰੇ 'ਗੁਰਮਤੇ' ਸਿੱਖ ਪੰਥ ਦੀ ਭਲਾਈ ਨੂੰ ਮੱਦੇਨਜ਼ਰ ਰੱਖ ਕੇ ਲਏ ਗਏ ਸਨ। ਸਾਰਾ ਸਿੱਖ ਪੰਥ 'ਜਥੇਦਾਰ ਸਾਹਿਬ' ਦੁਆਰਾ ਦਿੱਤਾ ਗਿਆ ਆਦੇਸ਼ ਗੁਰੂ ਦਾ ਹੁਕਮ ਜਾਣ ਕੇ ਮੰਨਦਾ ਸੀ ਅਤੇ ਉਸ ਸਮੇਂ ਉਸ ਆਦੇਸ਼ ਦੀ ਉਲੰਘਣਾ ਕਰਨ ਵਾਲੇ ਨੂੰ ਬੜੀ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਇਤਿਹਾਸ ਵਿਚ ਕਾਫ਼ੀ ਵਾਰੀ ਜ਼ਿਕਰ ਆਇਆ ਹੈ ਕਿ ਉਲੰਘਣਾ ਕਰਨ ਵਾਲੇ ਨੇ ਆਪਣੀ ਸਜ਼ਾ ਵੀ ਖਿੜੇ ਮੱਥੇ ਹੀ ਕਬੂਲ ਕੀਤੀ ਸੀ। ਫਿਰ ਉਹ ਉਲੰਘਣਾ ਕਰਨ ਵਾਲਾ ਭਾਵੇਂ ਕੋਈ ਬਾਦਸ਼ਾਹ ਹੀ ਕਿਉਂ ਨਾ ਹੋਵੇ।

ਸਰਬੱਤ ਖ਼ਾਲਸਾ ਇਕ ਅਜਿਹੀ ਸੰਸਥਾ ਹੈ, ਜਿਹੜੀ ਬਿਲਕੁਲ ਆਜ਼ਾਦ ਮੰਨੀ ਜਾਂਦੀ ਹੈ ਅਤੇ ਜੋ ਹਕੂਮਤਾਂ ਨਾਲ ਟਕਰਾਅ ਵਿਚੋਂ ਹੀ ਵਿਚਰਦੀ ਰਹੀ ਹੈ। ਪਰ ਜਿਸ ਤਰ੍ਹਾਂ ਪਿਛਲੇ ਸਮੇਂ ਦੌਰਾਨ 'ਜਥੇਦਾਰ ਸਾਹਿਬ' (ਸਿੰਘ ਸਾਹਿਬ) ਦੀ ਸ਼ਖ਼ਸੀਅਤ ਦਾ ਦੁਰਉਪਯੋਗ ਹੋਇਆ ਹੈ, ਉਹ ਕਿਸੇ ਤੋਂ ਗੁੱਝਾ ਨਹੀਂ। ਜਿਸ ਤਰ੍ਹਾਂ ਅਕਾਲੀ ਸਿਆਸਤ ਨੇ ਆਪਣੀ ਜਥੇਬੰਦਕ ਫੁੱਟ ਅਤੇ ਲੀਡਰਸ਼ਿਪ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਥੇਦਾਰ ਸਾਹਿਬਾਨਾਂ ਨੂੰ ਅਤੇ ਤਖ਼ਤ ਦੀ ਮਰਿਯਾਦਾ ਨੂੰ ਘਟੀਆ ਸਿਆਸਤ ਵਿਚ ਘਸੀਟਿਆ 'ਤੇ ਵਰਤਿਆ ਹੈ, ਉਸ ਨਾਲ ਪੂਰੇ ਸੰਸਾਰ ਦੀਆਂ ਨਜ਼ਰਾਂ ਵਿਚ ਜਿਥੇ ਜਥੇਦਾਰ ਸਾਹਿਬਾਨਾਂ ਦੇ ਕਿਰਦਾਰ ਉੱਤੇ ਉਂਗਲ ਉਠੀ ਹੈ, ਉਥੇ ਸਾਰੀ ਸਿੱਖ ਕੌਮ ਦਾ ਸਿਰ ਵੀ ਸ਼ਰਮ ਨਾਲ ਝੁਕਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਸਰਕਾਰ ਨੇ ਜਿਸ ਤਰ੍ਹਾਂ 'ਸਿੰਘ ਸਾਹਿਬਾਨਾਂ' ਰਾਹੀਂ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਦੁਰਉਪਯੋਗ ਕਰਨ ਦੀ ਗ਼ਲਤ ਪ੍ਰਿਤ ਸ਼ੁਰੂ ਕੀਤੀ ਹੈ, ਇਹ ਇਸਦਾ ਹੀ ਸਿੱਟਾ ਹੈ ਕਿ ਸਰਕਾਰੀ ਧੜਿਆਂ

ਅਤੇ ਵੱਖ-ਵੱਖ ਗਰੁੱਪਾਂ ਨੇ ਆਪਣੇ-ਆਪਣੇ ਜਥੇਦਾਰ ਨਿਯੁਕਤ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸ ਤੋਂ ਸਾਨੂੰ ਸਿੱਖ ਸਮਾਜ 'ਚ ਆਏ ਨਿਘਾਰ ਦਾ ਪਤਾ ਚੱਲਦਾ ਹੈ। ਐਸੇ ਭੇਖੀ ਅਤੇ ਸਿੱਖੀ ਜੀਵਨ ਤੋਂ ਕੋਰੇ ਰਾਜਨੀਤਿਕ ਆਪਣੀ ਮਰਜ਼ੀ ਮੁਤਾਬਿਕ ਅਕਾਲ ਤਖ਼ਤ ਵਰਗੀ ਸਰਵ-ਉੱਚੀ ਸੰਸਥਾ ਦਾ ਅਤੇ ਉਸ ਸਿਧਾਂਤ ਦਾ ਦੁਰ-ਉਪਯੋਗ ਕਰ ਰਹੇ ਹਨ ਜਿਸਨੇ ਹਰ ਬਿਖਮ ਘੜੀ 'ਚ ਸਿੱਖ ਕੌਮ ਦਾ ਮਾਰਗ ਦਰਸ਼ਨ ਕੀਤਾ ਹੈ। ਹੈਰਾਨੀ ਦੀ ਗੱਲ ਹੈ ਕਿ ਸਮੂਹ ਸਿੱਖ ਜਗਤ ਇਹ ਸਭ ਕੁਝ ਆਪਣੀਆਂ ਅੱਖਾਂ ਦੇ ਸਾਹਮਣੇ ਦੇਖ ਕੇ ਵੀ ਚੁੱਪ ਬੈਠਾ ਹੈ।

ਇਤਿਹਾਸ ਦੀਆਂ ਗ਼ਲਤੀਆਂ ਨੂੰ ਤਾਂ ਹਰ ਸਮੇਂ ਹਰ ਕੌਮ ਤੇ ਦੇਸ਼ ਨੂੰ ਸੁਧਾਰ ਕੇ ਹੀ ਚੱਲਣਾ ਪੈਣਾ ਹੈ ਬੇਸ਼ੱਕ ਇਹ ਸੁਧਾਰ ਕਿਸੇ ਵੀ ਕੀਮਤ 'ਤੇ ਕਿਉਂ ਨਾ ਕਰਨਾ ਪਵੇ। ਐਸਾ ਨਾ ਕਰਨਾ ਅਤੇ ਆਪਣੀਆਂ ਗ਼ਲਤੀਆਂ ਵਾਰ ਵਾਰ ਦੁਹਰਾਉਣ ਵਾਲੀਆਂ ਕੌਮਾਂ ਦਾ ਇਸ ਦਾ ਖਮਇਆਜਾ ਭੁਗਤਦੀਆਂ ਹੋਈਆਂ ਦੁਨੀਆਂ ਦੇ ਨਕਸ਼ੇ ਤੋਂ ਅਲੋਪ ਹੋ ਜਾਂਦੀਆਂ ਹਨ। ਇਤਿਹਾਸ ਵਿਚ ਤਿਲਕੇ ਹੋਈਆਂ ਕੌਮਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਲਈ ਕਈ ਨਸਲਾਂ ਦੀ ਆਹੂਤੀ ਦੇਣੀ ਪੈ ਜਾਂਦੀ ਹੈ। ਕੁਝ ਐਸਾ ਹੀ ਸੰਤਾਪ ਹੈ ਜਿਸ ਦੇ ਵਿਚੋਂ ਸਿੱਖ ਕੌਮ ਇਸ ਵੇਲੇ ਗੁਜ਼ਰ ਰਹੀ ਹੈ।

ਭਾਵੇਂ ਕਿ ਪੁਰਾਤਨ ਸਮਾਂ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਉਸ ਵੇਲੇ ਕਦੇ ਵੀ ਸਰਬੱਤ ਖ਼ਾਲਸਾ ਸੱਦਿਆ ਨਹੀਂ ਗਿਆ, ਬਲਕਿ ਸਿੱਖ ਆਪਣੇ ਤੇ ਬਣੀ ਭੀੜ ਦੇ ਹੱਲ ਖ਼ਾਤਰ ਖ਼ੁਦ ਹੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਜੁੜ ਬੈਠਦੇ ਸਨ ਅਤੇ ਸਰਬ ਸੰਮਤੀ ਨਾਲ ਮੁਸ਼ਕਿਲ ਨਾਲ ਲੜਨ ਲਈ ਕੋਈ ਰਸਤਾ ਕੱਢ ਲੈਂਦੇ ਸਨ। ਵੈਸੇ ਸਿੱਖ ਮਿਸਲਾਂ ਦੇ ਜਥੇਦਾਰਾਂ ਦੁਆਰਾ ਆਪਣੇ ਗੁਪਤਚਾਰਾਂ ਰਾਹੀਂ ਇਕ ਦੂਜੇ ਨੂੰ ਸੁਨੇਹਾ ਭੇਜ ਕੇ ਸਰਬੱਤ ਖ਼ਾਲਸਾ ਸੱਦਣ ਦਾ ਜ਼ਿਕਰ ਵੀ ਇਤਿਹਾਸ 'ਚ ਆਉਂਦਾ ਹੈ।

ਪਰ ਅਜੋਕੇ ਸਮੇਂ ਦੀ ਸਥਿਤੀ ਇਸ ਗੱਲ ਦੀ ਮੰਗ ਕਰ ਰਹੀ ਹੈ ਕਿ ਹੁਣ ਇਕ ਵਾਰ ਫੇਰ ਤੋਂ ਸਰਬੱਤ ਖ਼ਾਲਸਾ ਸੱਦਿਆ ਜਾਵੇ ਤਾਂ ਕਿ ਸਿੱਖ ਕੌਮ ਦੀ ਦਿਨ ਬ ਦਿਨ ਨਿੱਘਰ ਰਹੀ ਸ਼ਾਖ਼ ਨੂੰ ਬਚਾਇਆ ਜਾ ਸਕੇ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਹੁਣ ਸਰਬੱਤ ਖ਼ਾਲਸਾ ਕਿਵੇਂ ਸੱਦਿਆ ਜਾਵੇ? ਜੇਕਰ ਸੱਦਿਆ ਜਾਵੇ ਤਾਂ ਇਸਦੀ ਰੂਪ ਰੇਖਾ ਕਿਵੇਂ ਦੀ ਹੋਣੀ ਚਾਹੀਦੀ ਹੈ?

ਹੋ ਸਕਦਾ ਹੈ ਕਿ ਅਜੋਕੇ ਸਮੇਂ 'ਚ ਸੱਦਿਆ ਗਿਆ ਸਰਬੱਤ ਖ਼ਾਲਸਾ ਕੁਝ ਐਸੇ ਖ਼ਤਰਨਾਕ ਸਿੱਟਿਆਂ ਨੂੰ ਜਨਮ ਦੇ ਜਾਵੇ ਕਿ ਜਿਸ ਵਿਚੋਂ ਸਿੱਖ ਕੌਮ ਦਾ ਉਭਰਨਾ ਬਹੁਤ ਮੁਸ਼ਕਿਲ ਹੋ ਜਾਵੇ। ਬਹੁਤ ਸਾਰੇ ਐਸੇ ਅਨਸਰ ਹਨ ਜੋ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਹੀ ਨਹੀਂ ਮੰਨਦੇ ਜਾਂ ਫਿਰ ਦੂਜੀਆਂ ਕੱਚੀਆਂ ਬਾਣੀਆਂ ਨੂੰ ਗੁਰੂ ਦਾ ਦਰਜਾ ਇਸ ਕਰਕੇ ਦਿੰਦੇ ਹਨ ਤਾਂ ਕਿ ਇਸ ਦੀ ਆੜ ਹੇਠ ਗੁਰੂ ਗ੍ਰੰਥ ਸਾਹਿਬ ਨੂੰ ਢਾਹ ਲਾਈ ਜਾ ਸਕੇ। ਇਸ ਤੋਂ ਇਲਾਵਾ ਸਿੱਖ ਕੌਮ ਨੂੰ ਖ਼ਤਮ ਕਰਨ ਦਾ ਸੁਪਨਾ ਦੇਖਣ ਵਾਲੀਆਂ ਕੁਝ ਸ਼ਰਾਰਤੀ ਸੰਸਥਾਵਾਂ ਜਿਵੇਂ ਕਿ ਆਰ.ਐਸ.ਐਸ. ਵੀ ਹਨ ਜੋ ਕਿ ਹਰ ਘੜੀ ਇਸੇ ਹੀ ਤਾਕ 'ਚ ਬੈਠੀਆਂ ਹਨ ਕਿ ਕਦੋਂ ਉਹਨਾਂ ਨੂੰ ਕੋਈ ਮੌਕਾ ਮਿਲੇ ਅਤੇ ਉਹ ਸਿੱਖ ਕੌਮ ਨੂੰ ਨੁਕਸਾਨ ਪਹੁੰਚਾ ਸਕਣ। ਹੁਣ ਦਾ ਸੱਦਿਆ ਸਰਬੱਤ ਖ਼ਾਲਸਾ ਇਹਨਾਂ ਗ਼ਲਤ ਅਨਸਰਾਂ ਦੇ ਹੱਥ 'ਚ ਇਕ ਬ੍ਰਹਮ ਅਸਤਰ ਦੀ ਤਰ੍ਹਾਂ ਸਿੱਖ ਕੌਮ ਦੇ ਵਿਰੁੱਧ ਵੀ ਵਰਤਿਆ ਜਾ ਸਕਦਾ ਹੈ। ਸਾਨੂੰ ਇਹ ਵੀ ਸੋਚ ਲੈਣਾ ਚਾਹੀਦਾ ਹੈ ਕਿ ਇਹਨਾਂ ਗ਼ਲਤ ਹੱਥਾਂ ਵਿਚ ਵਿੱਕੀਆਂ ਸਰਕਾਰਾਂ ਇਸ ਕਦਰ ਵੀ ਡਿੱਗ ਸਕਦੀਆਂ ਹਨ ਕਿ ਆਪਣੇ ਘੁੱਸਪੈਠੀਆਂ ਰਾਹੀਂ ਸਾਰੇ ਦਾ ਸਾਰਾ ਸਰਬੱਤ ਖ਼ਾਲਸਾ ਹੀ ਇੰਨਾਂ ਦੀਆਂ ਸਕੀਮਾਂ ਦੀ ਭੇਂਟ ਚੜ ਜਾਵੇ। ਅਤੇ ਕੁਝ ਐਸੇ ਅਜੰਡੇ ਸਾਡੇ ਉੱਤੇ ਲਾਗੂ ਕਰ ਦਿੱਤੇ ਜਾਣ ਕਿ ਜਿਸਦੇ ਫਲਸਰੂਪ ਸਿੱਖ ਕੌਮ ਹੋਰ ਨਿਘਾਰ ਅਤੇ

ਨਾਮੋਸ਼ੀ ਵਾਲੀ ਸਥਿਤੀ ਵਿਚ ਪਹੁੰਚ ਜਾਵੇ।

ਫਿਰ ਸਵਾਲ ਇਹ ਪੈਦਾ ਹੋ ਜਾਂਦਾ ਹੈ ਕਿ ਸਰਬੱਤ ਖ਼ਾਲਸਾ ਸੱਦਿਆ ਕਿਵੇਂ ਜਾਵੇ ਅਤੇ ਇਸਨੂੰ ਸਫਲਤਾਪੂਰਨ ਢੰਗ ਨਾਲ ਨੇਪਰੇ ਕਿਵੇਂ ਚਾੜਿਆ ਜਾਵੇ?

ਕੀ ਅਸੀਂ ਪੁਰਾਤਨ ਸਮੇਂ ਦੇ ਉਲਟ ਜਦੋਂ ਕਿ ਸਿੱਖਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ ਅਤੇ ਸਿੱਖ ਜ਼ਿਆਦਾ ਤੌਰ 'ਤੇ ਪੰਜਾਬ ਜਾਂ ਨੇੜੇ ਦੇ ਰਾਜਾਂ 'ਚ ਹੀ ਰਹਿੰਦੇ ਸਨ, ਉਦੋਂ ਉਹਨਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚਣਾ ਸਮਝ ਵਿਚ ਆਉਂਦਾ ਹੈ। ਪਰ ਹੁਣ ਜਦੋਂ ਕਿ ਸਾਡੀ ਗਿਣਤੀ ਕਰੋੜਾਂ ਵਿਚ ਹੈ ਅਤੇ ਅਸੀਂ ਕੇਵਲ ਪੰਜਾਬ ਜਾਂ ਭਾਰਤ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਰਹਿ ਰਹੇ ਹਾਂ, ਤਾਂ ਕੀ ਸਾਡਾ ਸਭ ਦਾ ਇਕ ਸੀਮਿਤ ਜਿਹੀ ਜਗ੍ਹਾਂ 'ਤੇ ਇਕੱਠਾ ਹੋਣਾ ਮੁਮਕਿਨ ਹੈ? ਚਲੋ ਮੰਨ ਲਵੋ ਅਸੀਂ ਅਕਾਲ ਤਖ਼ਤ ਸਾਹਿਬ ਤੋਂ ਇਲਾਵਾ ਕਿਸੇ ਹੋਰ ਬਹੁਤ ਹੀ ਖੁੱਲ੍ਹੀ ਜਗ੍ਹਾ ਤੇ ਇਕੱਠੇ ਹੋ ਵੀ ਜਾਂਦੇ ਹਾਂ, ਤਾਂ ਕਿ ਇਹ ਮੁਮਕਿਨ ਹੈ ਕਿ ਅਸੀਂ ਇਕੱਲੇ ਇਕੱਲੇ ਸਿੱਖ ਦੀ ਰਾਏ ਲਵਾਂਗੇ? ਜੇਕਰ ਰਾਏ ਲਈ ਨਹੀਂ ਜਾਣੀ ਤਾਂ ਫਿਰ ਉਹਨਾਂ ਸਭ ਦਾ ਆਉਣਾ ਤਾਂ ਵਿਅਰਥ ਹੀ ਗਿਆ ਨਾ। ਪਰ ਜੇਕਰ ਅਸੀਂ ਸਭ ਦੀ ਰਾਏ ਲੈਣੀ ਸ਼ੁਰੂ ਕਰ ਦਿੱਤੀ ਤਾਂ ਤੁਹਾਨੂੰ ਪਤਾ ਹੈ ਕਿ ਸਾਡੇ ਤਾਂ ਭਰਾ ਭਰਾ ਦੇ ਵਿਚਾਰ ਨਹੀਂ ਮਿਲਦੇ। ਉਥੇ ਫਿਰ ਕੀ ਬਣੇਗਾ ਅਤੇ ਅਸੀਂ ਇਹ ਕਿਸ ਤਰ੍ਹਾਂ ਭੁੱਲ ਸਕਦੇ ਹਾਂ ਕਿ ਸਰਕਾਰ ਆਪਣੀ ਸਾਰੀ ਤਾਕਤ ਇਸ ਗੱਲ ਤੇ ਲਗਾ ਦੇਵੇਗੀ ਕਿ ਇਸ ਸਰਬੱਤ ਖ਼ਾਲਸਾ ਨੂੰ ਨਾ ਸਿਰਫ ਫੇਲ੍ਹ ਕੀਤਾ ਜਾਵੇ ਬਲਕਿ ਸਿੱਖਾਂ ਨੂੰ ਆਪਸ ਵਿਚ ਮਰਵਾ ਵੀ ਦਿੱਤਾ ਜਾਵੇ।

ਸੋ ਇਕੋ ਹੱਲ ਜੋ ਸਮਝ 'ਚ ਆਉਂਦਾ ਹੈ, ਉਹ ਇਹ ਹੈ ਕਿ ਸਮੂਹ ਸਿੱਖ ਕੌਮ ਦਾ ਇਕ ਜਗ੍ਹਾ 'ਤੇ ਇਕੱਤਰ ਹੋਣਾ ਮੁਮਕਿਨ ਨਹੀਂ। ਜੇਕਰ ਮੁਮਕਿਨ ਹੈ ਵੀ ਤਾਂ ਵੀ ਇਹ ਵਿਚਾਰ ਸਾਨੂੰ ਆਪਣੀ ਕੌਮ ਦੀ ਭਲਾਈ ਲਈ ਤਿਆਗ ਦੇਣਾ ਚਾਹੀਦਾ ਹੈ। ਕਿਉਂ ਨਾ ਆਧੁਨਿਕ ਟੇਕਨੋਲੋਜੀ ਦੀ ਵਰਤੋਂ ਕਰਕੇ ਪੰਥ ਦੀਆਂ ਸਮੂਹ ਜਥੇਬੰਦੀਆਂ ਤੱਕ ਪਹੁੰਚ ਕੀਤੀ ਜਾਵੇ ਅਤੇ ਇਕ ਸਾਂਝੀ ਮੀਟਿੰਗ ਸੱਦੀ ਜਾਵੇ। ਇਹ ਯਕੀਨੀ ਬਣਾਇਆ ਜਾਵੇ ਕਿ ਹਰੇਕ ਜਥੇਬੰਦੀ ਆਪਣਾ ਇਕ ਨੁਮਾਇੰਦਾ ਹਰ ਹਾਲ 'ਚ ਸੱਦੀ ਗਈ ਸਾਂਝੀ ਮੀਟਿੰਗ 'ਚ ਭੇਜੇ। ਇਸ ਤੋਂ ਇਲਾਵਾ ਪੰਥ ਦਰਦੀਆਂ, ਸਿੱਖ ਬੁੱਧੀ-ਜੀਵੀਆਂ ਅਤੇ ਸਿੱਖ ਧਰਮ ਦੇ ਮੁੱਖ ਪ੍ਰਚਾਰਕਾਂ ਦੀ ਹਾਜ਼ਰੀ ਨੂੰ ਵੀ ਇਸ ਸਾਂਝੀ ਮੀਟਿੰਗ 'ਚ ਯਕੀਨੀ ਬਣਾਈ ਜਾਵੇ। ਇਸ ਮੀਟਿੰਗ 'ਚ ਸੂਝਵਾਨ ਤਰੀਕੇ ਨਾਲ ਪੰਥ ਦੀ ਭਲਾਈ ਅਤੇ ਬਿਹਤਰੀ ਲਈ ਕੁਝ ਮਤੇ ਪਹਿਲਾਂ ਲਿਖ ਲਏ ਜਾਣ ਅਤੇ ਬਾਅਦ ਵਿਚ ਉਹਨਾਂ ਸਾਰੇ ਮਤਿਆਂ ਨੂੰ ਸਾਰੇ ਮੌਜੂਦ ਹਾਜ਼ਰੀਨਾਂ ਦੀ ਸਰਬ ਸੰਮਤੀ ਨਾਲ ਪਾਸ ਕੀਤਾ ਜਾਵੇ। ਫਿਰ ਇਸ ਤੋਂ ਬਾਅਦ ਇਕ ਪ੍ਰੈਸ ਕਾਨਫਰੰਸ ਰੱਖੀ ਜਾਵੇ ਜਿਸ ਵਿਚ ਵੀਡੀਓ ਕਾਨਫਰੰਸਿੰਗ ਰਾਹੀਂ ਸਰਬੱਤ ਖ਼ਾਲਸਾ ਕੀਤਾ ਜਾਵੇ ਅਤੇ ਪੂਰੀ ਕੌਮ ਨੂੰ ਪਾਸ ਕੀਤੇ ਗਏ ਗੁਰਮਤਿ ਪੜ੍ਹ ਕੇ ਸੁਣਾਏ ਜਾਣ। ਸਾਰੀ ਹੀ ਸਿੱਖ ਕੌਮ ਜਿਥੇ ਕਿਥੇ ਵੀ ਰਹਿ ਰਹੀ ਹੈ, ਆਪਣੇ ਆਪਣੇ ਘਰੋਂ ਹੀ ਜੈਕਾਰ ਲਾ ਕੇ ਇਹਨਾਂ ਗੁਰਮਤਿਆਂ ਨੂੰ ਪਾਸ ਕਰਕੇ ਆਪਣੀ ਸਹਿਮਤੀ ਦੇਵੇ। ਇਹੋ ਹੀ ਇਕ ਤਰੀਕਾ ਹੈ ਜਿਸ ਨਾਲ ਅਸੀਂ ਨਾ ਸਿਰਫ ਸਾਰੀ ਸਿੱਖ ਕੌਮ ਦੀ ਸ਼ਮੂਲੀਅਤ ਨੂੰ ਯਕੀਨੀ ਬਣਾ ਸਕਦੇ ਹਾਂ ਬਲਕਿ ਸਰਬੱਤ ਖ਼ਾਲਸਾ ਦੇ ਇਕੱਠ ਨੂੰ ਵੀ ਸੰਭਾਵੀ ਖਤਰਿਆਂ ਤੋਂ ਬਚਾ ਸਕਦੇ ਹਾਂ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

ਡਾ. ਤੇਜਿੰਦਰ ਪਾਲ ਸਿੰਘ ਵਾਲੀਆ

ਸਕੱਤਰ, ਕੇਸ ਸੰਭਾਲ ਪ੍ਰਚਾਰ ਸੰਸਥਾ

ਅੰਮ੍ਰਿਤਸਰ।

# ਕਿੰਨੀ ਖਰੀ ਉਤਰੀ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਮਤਿ ਸਿਧਾਂਤ ਤੇ ਸਿੱਖ ਭਾਵਨਾਵਾਂ ਤੇ ?

ਇਕਬਾਲ ਸਿੰਘ ਲਾਲਪੁਰਾ

ਭਾਈ ਚੌਪਾ ਸਿੰਘ ਜੀ ਨੇ ਗੁਰੂ ਹੁਕਮ ਵਜੋਂ ਰਹਿਤਨਾਮੇ ਵਿੱਚ ਅੰਕਿਤ ਕੀਤਾ ਹੈ "ਪਿੰਡ ਵਿੱਚ ਇੱਕ ਅਸਥਾਨ ਸਾਧੂ ਸੰਗਤ ਕਾ ਬਨਾਵਣਾ ਜਹਾਂ ਸਾਧੂ ਸੰਗਤ ਇਕੱਤਰ ਹੋਵੇ ਅਤੇ ਆਇਆ ਗਿਆ ਵਿਸ਼ਰਾਮ ਕਰੇ।" ਮਹਾਨ ਕੋਸ਼ ਵਿੱਚ ਗੁਰਦੁਆਰਾ ਦੀ ਪਰਿਭਾਸ਼ਾ ਭਾਈ ਕਾਹਨ ਸਿੰਘ ਜੀ ਨਾਭਾ ਨੇ ਅੰਕਿਤ ਕੀਤੀ ਹੈ ਗੁਰਦੁਆਰਾ ਗੁਰੂ ਦੇ ਜਰੀਏ, ਗੁਰੂ ਦਾ ਘਰ, ਸਿੱਖਾਂ ਦਾ ਧਰਮ ਮੰਦਰ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਸਿੱਖਾਂ ਦੇ ਧਰਮ ਮੰਦਰ ਦਾ ਨਾਮ ਧਰਮ ਲਈ ਸਾਂਝਾ ਸਕੂਲ ਰਿਹਾ ਹੈ। ਸਿੱਖਾਂ ਲਈ ਗੁਰਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲਿਆਂ ਲਈ ਗਿਆਨ, ਉਪਦੇਸ਼ਕ ਆਚਰਯ, ਰੋਗੀਆਂ ਲਈ ਸਫਾਖਾਨਾ, ਭੁਖਿਆਂ ਲਈ ਅੰਨਪੂਰਨਾਂ, ਇਸਤ੍ਰੀ ਜਾਤਿ ਦੀ ਪੱਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। ਗੁਰਦੁਆਰੀਆ, ਉਹ ਹੋਇਆ ਕਰਦਾ ਹੈ ਜੋ ਵਿਦਵਾਨ, ਗੁਰਮਤਿ ਵਿੱਚ ਪੱਕਾ ਅਤੇ ਉੱਚੇ ਆਚਰਣ ਵਾਲਾ ਹੋਵੇ।

ਸਿੱਖ ਗੁਰੂ ਸਾਹਿਬਾਨ ਨਾਲ ਸਬੰਧਤ ਇਤਿਹਾਸਿਕ ਸਥਾਨਾਂ ਤੇ ਗੁਰਦੁਆਰਾ ਸਾਹਿਬ ਉਸਾਰਨ ਦਾ ਕੰਮ 18ਵੀਂ ਸਦੀ ਦੇ 80ਵੇਂ ਦਹਾਕੇ ਵਿੱਚ ਸਿੱਖ ਮਿਸਲਾਂ ਤੇ ਸਰਦਾਰਾਂ ਵੱਲੋਂ ਦਿੱਲੀ ਤੋਂ ਆਰੰਭ ਹੋਇਆ ਸੀ। ਗੁਰੂ ਹੁਕਮ ਅਨੁਸਾਰ ਤਾਂ ਸਿੱਖਾਂ ਦਾ ਘਰ ਹੀ ਧਰਮਸਾਲ ਭਾਵ ਧਰਮ ਕਮਾਉਣ ਦੀ ਥਾਂ ਹੈ। ਗੁਰੂ ਘਰਾਂ ਤੇ ਧਰਮਸਾਲਾ ਵਾਸਤੇ ਸਿੱਖ ਮਿਸਲਦਾਰ ਤੇ ਰਾਜੇ - ਮਹਾਰਾਜਿਆਂ ਨੇ ਬਹੁਤ ਸਾਰੀ ਜਾਇਦਾਦ ਵੀ ਦਾਨ ਵਿੱਚ ਦਿੱਤੀ। ਸੰਘਰਸ਼ ਦੇ ਸਮੇਂ ਉਦਾਸੀ ਮਹੰਤ ਇੱਥੇ ਸੇਵਾਦਾਰ ਬਣੇ। ਸਿੱਖ ਧਰਮ ਨਿਰਮਲ ਪੰਥ ਹੈ "**ਮਾਰਿਆ ਸਿੱਕਾ ਜਗਤ ਵਿੱਚ ਨਾਨਕ ਨਿਰਮਲ ਪੰਥ ਚਲਾਇਆ॥**" ਜਿਸ ਵਿੱਚ ਕਰਮ-ਕਾਂਡ ਲਈ ਕੋਈ ਥਾਂ ਨਹੀਂ। ਪਰ ਗੁਰਦੁਆਰਾ ਸਾਹਿਬਾਨ ਦੀ ਆਮਦਨ ਤੇ ਜਾਇਦਾਦ ਨੇ ਪੁਜਾਰੀਆਂ ਤੇ ਸਰਵਰਾਹਾਂ ਨੂੰ ਗੁਰੂ ਦੇ ਮਾਰਗ ਤੋਂ ਭਟਕਾ ਦਿੱਤਾ। "ਸੰਨ 1881 ਈ: ਵਿੱਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਇਜਰਟਨ ਵੱਲੋਂ ਲਾਰਡ ਰਿਪਨ ਨੂੰ ਲਿਖੀ ਚਿੱਠੀ ਵਿੱਚ ਦਰਜ ਕੀਤਾ, "ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਅਜਿਹੀ ਕਮੇਟੀ ਦੇ ਹੱਥਾਂ ਵਿੱਚ ਜਾਣ ਦੀ ਆਗਿਆ ਦੇਣਾ, ਜਿਹੜੀ ਗੌਰਮਿੰਟ ਕੰਟਰੋਲ ਤੋਂ ਅਜ਼ਾਦ ਹੋ ਚੁੱਕੀ ਹੋਵੇ, ਰਾਜਸੀ ਤੌਰ ਤੇ ਖਤਰਨਾਕ ਹੋਵੇਗਾ " ਇਹ ਸੋਚ ਹੀ ਸਿੱਖਾਂ ਪ੍ਰਤੀ ਅੰਗਰੇਜ ਰਾਜ ਦੀ ਨੀਤੀ ਦਾ ਮੁੱਢ ਬਣੀ। 13 ਅਪ੍ਰੈਲ 1919 ਨੂੰ ਜਲ੍ਹਿਆਂਵਾਲੇ ਬਾਗ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਨਿਹੱਥੇ ਪੰਜਾਬੀਆਂ ਦੇ ਆਹੂ ਲਾਹੁਣ ਵਾਲੇ, ਜਨਰਲ ਡਾਇਰ ਤੇ ਕੈਪਟਨ ਬਰਗਿਜ ਨੂੰ, ਸਿਗਰਟ ਪੀਣ ਦੀ ਆਗਿਆ ਦੇ ਕੇ, ਪੰਜ ਕਕਾਰ ਵੀ ਪਹਿਨਾਏ ਗਏ ਤੇ ਇਨ੍ਹਾਂ ਜ਼ਾਲਮਾਂ ਦੇ ਗੁਨਾਹਾਂ ਉੱਤੇ ਪਰਦਾ ਪਾਉਣ ਲਈ ਸਿਰੋਪਾ ਤੇ ਸੋਭਾ ਪੱਤਰ ਵੀ ਦਿੱਤੇ ਗਏ।


-ਇਕਬਾਲ ਸਿੰਘ ਲਾਲਪੁਰਾ

ਗੁਰਦੁਆਰਿਆਂ ਦੇ ਪ੍ਰਬੰਧਕ ਸਰਵਰਾਹਾਂ ਅਤੇ ਮਹੰਤਾਂ ਨੇ, ਧਰਮ ਸਥਾਨਾਂ ਨੂੰ ਅੰਗਰੇਜ ਸਰਕਾਰ ਦੀ ਸਰਪ੍ਰਸਤੀ ਹੇਠ ਵਿਭਚਾਰ ਦੇ ਅੱਡੇ ਬਣਾ ਦਿੱਤਾ। 1920 ਤੋਂ 1925 ਈ: ਦਰਮਿਆਨ, ਸਿੱਖ ਕੌਮ ਨੇ ਗੁਰਦੁਆਰਾ

ਸੁਧਾਰ ਲਹਿਰ ਵਿੱਚ ਅਨੇਕਾਂ ਕੁਰਬਾਨੀਆਂ ਦੇ ਕੇ ਗੁਰਦੁਆਰਾ ਪ੍ਰਬੰਧ, ਇੱਕ ਚੁਣੀ ਹੋਈ ਸੰਸਥਾ ਰਾਹੀਂ ਕਰਨ ਦਾ ਅਧਿਕਾਰ ਪ੍ਰਾਪਤ ਕੀਤਾ। 1925 ਈ: ਵਿੱਚ ਬਣਿਆ ਗੁਰਦੁਆਰਾ ਐਕਟ ਸਰਵ ਪ੍ਰਵਾਨਿਤ ਨਹੀਂ ਸੀ, ਜਿਸ ਕਾਰਨ ਗੁਰਦੁਆਰਾ ਐਕਟ ਮੰਨਣ ਜਾਂ ਨਾ ਮੰਨਣ ਦਾ ਝਗੜਾ ਚੱਲ ਪਿਆ ਅਤੇ ਪੰਥਕ ਆਗੂਆਂ ਵਿੱਚ ਫੁੱਟ ਪੈ ਗਈ। ਅਕਾਲੀ ਪਾਰਟੀ ਨੇ ਗੁਰਦੁਆਰਾ ਐਕਟ ਤੇ ਅਮਲ ਕੀਤਾ ਪਰ ਐਕਟ ਦੀ ਮੂਲ ਭਾਵਨਾ ਨੂੰ ਮੰਨਣ ਜਾਂ ਨਾ ਮੰਨਣ ਦਾ ਝਗੜਾ ਕਈ ਸਾਲ ਚਲਦਾ ਰਿਹਾ, ਇੱਕ ਪਾਸੇ ਅੰਗਰੇਜ ਪ੍ਰਸਤ ਸਨ ਤੇ ਦੂਜੇ ਪਾਸੇ ਅਜ਼ਾਦੀ ਲਈ ਕਾਂਗਰਸ ਪੱਖੀ।

ਸਾਲ 1925 ਦੇ ਸਿੱਖ ਗੁਰਦੁਆਰਾ ਐਕਟ ਅਨੁਸਾਰ, ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਚੁਣੀਆਂ ਗਈਆਂ ਸਥਾਨਿਕ ਕਮੇਟੀਆਂ ਕੋਲ ਸੀ, ਇਹ ਕਮੇਟੀ ਅਤੇ ਕੁਲ ਆਮਦਨ ਦਾ ਕੇਵਲ 10 ਫੀਸਦੀ ਦਸਵੰਧ ਤੇ ਧਾਰਮਿਕ ਫੰਡ ਦੇ ਰੂਪ ਵਿੱਚ ਦਿੰਦੀਆਂ ਸਨ। ਇਸ ਐਕਟ ਦੀ ਧਾਰਾ 87 ਅਧੀਨ ਇਹ ਲੋਕਲ ਕਮੇਟੀਆਂ ਗਠਿਤ ਹੋ ਕੇ ਆਪਣੇ ਗੁਰਦੁਆਰੇ ਦੇ ਪ੍ਰਬੰਧ ਲਈ ਪੂਰੀ ਤਰ੍ਹਾਂ ਸੁਤੰਤਰ ਸਨ। ਅਜਿਹਾ ਸਮਾਂ ਵੀ ਆਇਆ ਜਦੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਲੋਕਲ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਦਾਖਲਾ ਤਾਰ ਦੀ ਵਾੜ ਲਾ ਕੇ ਬੰਦ ਕਰ ਦਿੱਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਗ ਵਾਲੀ ਗਲੀ ਵੱਲ ਆਪਣਾ ਗੇਟ ਬਣਾਇਆ, ਜੋ ਅੱਜ ਵੀ ਮੌਜੂਦ ਹੈ।

ਸਾਲ 1944 ਈ: ਵਿੱਚ ਗਿਆਨੀ ਕਰਤਾਰ ਸਿੰਘ ਦੇ ਯਤਨਾਂ ਸਦਕਾ ਸੱਤ ਗੁਰਦੁਆਰਾ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਤਰਨਤਾਰਨ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਮੁਕਤਸਰ ਸਾਹਿਬ, ਪੰਜਾ ਸਾਹਿਬ, ਸ੍ਰੀ ਨਨਕਾਣਾ ਸਾਹਿਬ ਅਤੇ ਡੇਰਾ ਸਾਹਿਬ ਲਾਹੌਰ ਦਾ ਪ੍ਰਬੰਧ ਐਕਟ ਦੀ ਧਾਰਾ 85 ਅਧੀਨ ਸਿੱਧੇ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਵਿੱਚ ਲੈ ਲਿਆ। ਇੱਕ ਵਾਰ ਫੇਰ 1958 ਈ: ਵਿੱਚ ਗਿਆਨੀ ਕਰਤਾਰ ਸਿੰਘ ਨੇ 11 ਹੋਰ ਗੁਰਦੁਆਰਾ ਸਾਹਿਬਾਨ ਫਤਿਹਗੜ੍ਹ ਸਾਹਿਬ, ਪਟਿਆਲਾ, ਜੀਂਦ, ਧਮਤਾਨ, ਤਲਵੰਡੀ ਸਾਬੋ ਆਦਿ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਦੇ ਸਿੱਧੇ ਅਧੀਨ ਲੈ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੌਲੀ - ਹੌਲੀ 81 ਇਤਿਹਾਸਿਕ ਗੁਰਦੁਆਰਿਆਂ ਦਾ ਪ੍ਰਬੰਧ ਧਾਰਾ 85 ਅਧੀਨ ਸਿੱਧੇ ਰੂਪ ਵਿੱਚ ਆ ਚੁੱਕਾ ਹੈ। ਇਨ੍ਹਾਂ ਗੁਰਦੁਆਰਿਆਂ ਦੀ ਆਮਦਨ ਵਿੱਚੋਂ 37½ ਫੀਸਦੀ ਹਿੱਸਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੈ ਸਕਦੀ ਹੈ। ਹੋਰ ਕੇਵਲ 401 ਗੁਰਦੁਆਰਾ ਸਾਹਿਬਾਨ ਹੀ ਲੋਕਲ ਕਮੇਟੀਆਂ ਅਧੀਨ ਹਨ, ਜਿਨ੍ਹਾਂ ਦਾ ਪ੍ਰਬੰਧ ਸਿੱਖ ਗੁਰਦੁਆਰਾ ਐਕਟ ਅਧੀਨ ਹੈ।ਇਸ ਤਰ੍ਹਾਂ ਗੁਰਦੁਆਰਾ ਪ੍ਰਬੰਧ ਤੇ ਲੋਕਲ ਕਮੇਟੀਆਂ ਰਾਹੀਂ ਵਿਕੇਂਦਰੀਕਰਨ ਦੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਕਤੀ ਦਾ ਕੇਂਦਰੀਕਰਨ ਕਰ ਲਿਆ ਹੈ। ਗੁਰਦੁਆਰਾ ਪ੍ਰਬੰਧ ਵਿੱਚ ਮੁਕਾਮੀ ਸਿੱਖਾਂ ਦੀ ਭੂਮਿਕਾ ਸਮਾਪਤ ਹੋਣ ਨਾਲ, ਧਰਮ ਪ੍ਰਚਾਰ ਤੇ ਪ੍ਰਬੰਧ ਵਿੱਚ ਨਿਰੰਕੁਸ਼ਤਾ ਤੇ ਗਿਰਾਵਟ ਆਉਣੀ ਸੁਭਾਵਿਕ ਹੀ ਹੈ, ਜੋ ਪ੍ਰਬੰਧਕਾਂ ਦੀ ਨੀਅਤ ਤੇ ਸ਼ੰਕੇ ਪੈਦਾ ਕਰਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਮਾਰਚ ਤੇ ਅਕਤੂਬਰ ਵਿੱਚ ਆਮ ਇਜਲਾਸ ਸਮੇਂ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦੀ ਮੰਗ ਦਾ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਂਦਾ ਰਿਹਾ ਹੈ। ਸਾਲ 1954 ਵਿੱਚ ਸਰਦਾਰ ਅਜੀਤ ਸਿੰਘ ਸਰਹੱਦੀ ਐਡਵੋਕੇਟ ਤੇ ਐਮ.ਐਲ.ਏ ਵੱਲੋਂ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦੀ ਤਜਵੀਜ ਤੇ ਖਰੜਾ ਵੀ ਭੇਜਿਆ ਗਿਆ ਸੀ। ਸਾਲ 1999 ਈ: ਵਿੱਚ ਭਾਰਤ ਸਰਕਾਰ ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਦਾ ਖਰੜਾ, ਚੀਫ ਇਲੈਕਸ਼ਨ ਕਮਿਸ਼ਨਰ ਗੁਰਦੁਆਰਾ, ਭਾਰਤ ਸਰਕਾਰ, ਜਸਟਿਸ ਹਰਬੰਸ ਸਿੰਘ ਵੱਲੋਂ ਤਿਆਰ ਕਰਵਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਭੇਜਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਬਾਰੇ ਕਈ ਮੀਟਿੰਗਾਂ ਜਸਟਿਸ ਹਰਬੰਸ ਸਿੰਘ ਨਾਲ ਦਿੱਲੀ ਵਿੱਚ ਕੀਤੀਆਂ। ਇਸ ਖਰੜੇ ਅਨੁਸਾਰ ਕੁਝ ਰਾਜਾਂ ਨੂੰ ਮਿਲਾ ਕੇ ਜੋਨਲ ਕਮੇਟੀਆਂ ਤੇ ਕੇਂਦਰੀ ਬੋਰਡ ਦਾ ਗਠਨ ਹੋਣ ਦੀ ਤਜਵੀਜ ਹੈ।

ਜਾਣਕਾਰਾਂ ਅਨੁਸਾਰ ਖਰੜੇ ਵਿੱਚ ਕਈ ਕਮੀਆਂ ਹਨ ਤੇ ਸੁਧਾਰ ਦੀ ਲੋੜ ਹੈ। ਇਸ ਖਰੜੇ ਤੇ ਵਿਚਾਰ ਕਰ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇੱਕ ਅਹਿਲਕਾਰ ਨੇ, ਇਹ ਵਿਚਾਰ ਪ੍ਰਗਟ ਕੀਤੇ, ਕਿ ਜੇਕਰ ਆਲ ਇੰਡੀਆ ਐਕਟ ਬਣ ਗਿਆ, ਤਾਂ ਹੋ ਸਕਦਾ ਹੈ ਪੰਜਾਬ ਤੋਂ ਬਾਹਰ ਵਸਦੇ ਸਿੱਖ ਰਾਜਨੀਤਿਕ ਤੌਰ ਤੇ ਵੱਖ ਸੋਚ ਰੱਖਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬੀਆਂ ਦਾ ਦਬਦਬਾ ਨਾ ਰਹੇ। ਇਸ ਤੋਂ ਬਾਅਦ, ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਤੇ ਖਰੜਾ ਤੇ ਕਾਰਵਾਈ ਠੰਡੇ ਬਸਤੇ ਵਿੱਚ ਹੀ ਹੈ। ਜਿਸ ਪਿੱਛੇ ਰਾਜਨੀਤਿਕ ਲਾਭ, ਧਾਰਮਿਕ ਇਕਸੁਰਤਾ ਤੇ ਭਾਰੂ ਦੀ ਨੀਤੀ ਲੱਗਦੀ ਹੈ, ਕਿਉਂਕਿ ਪੰਜਾਬ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰੀ ਨੂੰ, ਧਾਰਮਿਕ ਸੇਵਾ ਨਾਲੋਂ ਰਾਜਨੀਤੀ ਦੀ ਪਹਿਲੀ ਪੌੜੀ ਸਮਝਿਆ ਜਾਂਦਾ ਹੈ। ਮੈਂਬਰ ਧਰਮ ਪ੍ਰਚਾਰ ਤੇ ਪ੍ਰਬੰਧ ਨਾਲ ਰਾਜਨੀਤੀ ਖੇਤਰ ਵਿੱਚ ਜ਼ਿਆਦਾ ਸਰਗਰਮ ਹਨ।

ਸਾਲ 1923 ਤੋਂ ਬਾਅਦ ਸਾਲ 1971 ਈ: ਤੱਕ 11 ਮੈਂਬਰੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਹੇਠ ਕੰਮ ਕਰਦੀ ਸੀ ਅਤੇ 5' ਦਸਵੰਧ ਦਿੰਦੀ ਸੀ। ਗੁਰਦੁਆਰਿਆਂ ਦੇ ਕਬਜਿਆਂ ਦੇ ਝਗੜਿਆਂ ਕਾਰਨ ਹੀ ਕੇਂਦਰ ਸਰਕਾਰ ਨੇ ਵੱਖਰਾ, ਦਿੱਲੀ ਸਿੱਖ ਗੁਰਦੁਆਰਾ ਐਕਟ 1971 ਪਾਸ ਕਰਕੇ 1974 ਵਿੱਚ ਪਹਿਲੀਆਂ ਚੋਣਾਂ ਕਰਵਾ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਦਿੱਲੀ ਵਿੱਚ ਕਾਨੂੰਨੀ ਪ੍ਰਭਾਵ ਖਤਮ ਕਰ ਦਿੱਤਾ।

ਸਿੱਖ ਗੁਰਦੁਆਰਾ ਐਕਟ 1925 ਕੇਵਲ ਪੰਜਾਬ ਰਾਜ ਲਈ ਹੀ ਬਣਿਆ ਸੀ। ਦੇਸ਼ ਦੀ ਵੰਡ ਤੋਂ ਬਾਅਦ ਬਹੁਤ ਸਾਰੇ ਗੁਰਦੁਆਰੇ ਪਾਕਿਸਤਾਨ ਵਿੱਚ ਰਹਿ ਗਏ ਹਨ ਤੇ ਉੱਥੇ ਵੀ ਪਾਕਿਸਤਾਨ ਗੁਰਦੁਆਰਾ ਕਮੇਟੀ ਦਾ ਗਠਨ 11 ਅਪ੍ਰੈਲ 1999 ਨੂੰ ਕਰਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਉਥੋਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਦਖਲ - ਅੰਦਾਜੀ ਖਤਮ ਕਰ ਦਿੱਤੀ ਗਈ ਹੈ। ਪੰਜਾਬ ਰਾਜ ਦੀ ਵੰਡ ਸਮੇਂ ਪੰਜਾਬ ਰੀਉਰਗੇਨਾਈਜੇਸ਼ਨ ਐਕਟ 1966 ਵੀ ਹਰਿਆਣਾ, ਹਿਮਾਚਲ ਵਿੱਚ 1925 ਦੇ ਸਿੱਖ ਗੁਰਦੁਆਰਾ ਐਕਟ ਅਧੀਨ ਗੁਰਦੁਆਰਾ ਪ੍ਰਬੰਧ ਚਾਲੂ ਰੱਖਣ ਬਾਰੇ ਖਾਮੋਸ਼ ਹੈ। ਸਿੱਖ ਧਰਮ ਦੇ ਸਤਿਕਾਰਯੋਗ ਤਖਤ ਸ੍ਰੀ ਪਟਨਾ ਸਾਹਿਬ ਤਖਤ ਸ੍ਰੀ ਹਜ਼ੂਰ ਸਾਹਿਬ ਦਾ ਪ੍ਰਬੰਧ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਨਹੀਂ ਹੈ। ਇੱਥੋਂ ਦੇ ਪ੍ਰਬੰਧਕ ਕਈ ਵਾਰ ਤਾਂ ਪਤਿਤ ਸਿੱਖ ਹੀ ਹੁੰਦੇ ਹਨ। ਹਰਿਆਣਾ ਸਰਕਾਰ ਨੇ ਵੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਹੈ, ਜੋ ਵੀ ਅਦਾਲਤਾਂ ਦੇ ਵਿਚਾਰ ਅਧੀਨ ਹੈ।

ਕੇਵਲ ਸਿੱਖ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹੀ ਸਰਕਾਰੀ ਦੇਖ- ਰੇਖ ਹੇਠ ਹੋਈਆਂ ਚੋਣਾਂ ਅਨੁਸਾਰ ਹੁੰਦਾ ਹੈ। ਅੰਗਰੇਜ਼ ਰਾਜ ਸਮੇਂ 1925 ਈ: ਵਿੱਚ ਬਣੇ ਐਕਟ ਵਿੱਚ ਧਰਮ ਪ੍ਰਚਾਰ ਦੀ ਕੋਈ ਵਿਵਸਥਾ ਨਹੀਂ ਸੀ। ਪੈਪਸੂ ਦੇ ਪੰਜਾਬ ਵਿੱਚ ਸ਼ਾਮਲ ਹੋਣ ਤੋਂ ਬਾਅਦ ਧਰਮ ਪ੍ਰਚਾਰ ਲਈ 15% ਬਜਟ ਵੱਖ ਰੱਖਣ ਤੇ ਧਰਮ ਪ੍ਰਚਾਰ ਕਮੇਟੀ ਦੇ ਗਠਨ ਨੂੰ ਕਾਨੂੰਨੀ ਮਾਨਤਾ ਮਿਲੀ ਹੈ। ਪਿਛਲੀ ਵਾਰ ਧਰਮ ਪ੍ਰਚਾਰ ਕਮੇਟੀ ਦਾ ਬਜਟ 76 ਕਰੋੜ ਸੀ। ਪਰ ਬਹੁਤਾ ਪੈਸਾ ਗੈਰ ਜ਼ਰੂਰੀ ਟਰੱਸਟਾਂ ਜਿਨ੍ਹਾਂ ਰਾਹੀਂ ਸਿੱਖ ਧਰਮ ਦੇ ਪ੍ਰਚਾਰ ਵੱਲ ਕੋਈ ਉੱਦਮ ਨਹੀਂ ਕੀਤਾ ਜਾ ਰਿਹਾ, ਉਹਨਾਂ ਨੂੰ ਹੀ ਦਿੱਤਾ ਜਾ ਰਿਹਾ ਹੈ। ਪ੍ਰਚਾਰ ਦੇ ਖੇਤਰ ਵਿੱਚ ਸਾਲ 2012 ਵਿੱਚ 55 ਹੋਰ ਪ੍ਰਚਾਰਕ ਭਰਤੀ ਕਰਕੇ ਕੁੱਲ ਪ੍ਰਚਾਰਕਾਂ ਦੀ ਗਿਣਤੀ 140 ਹੋ ਗਈ ਸੀ। ਪਰ ਇਨ੍ਹਾਂ ਪ੍ਰਚਾਰਕਾਂ ਦੀ ਪਹੁੰਚ ਆਮ ਸਿੱਖ ਸੰਗਤ ਨਾਲ ਮੇਲ ਮਿਲਾਪ ਦੇ ਰੂਪ ਵਿੱਚ ਕਿੱਧਰੇ ਨਜ਼ਰ ਨਹੀਂ ਆਉਂਦੀ, ਜਿਸ ਕਾਰਨ ਸਿੱਖ ਸੰਗਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਲਈ ਕੀਤੇ ਜਾ ਰਹੇ ਉੱਦਮ, ਕਾਗਜੀ ਕਾਰਵਾਈ ਹੀ ਲੱਗਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 2 ਸਲਾਨਾ ਇਜਲਾਸ ਕੇਵਲ ਇੱਕ ਦਿਨ ਲਈ ਹੀ ਪ੍ਰਧਾਨ ਤੇ ਅਹੁਦੇਦਾਰ ਚੁਣਨ ਤੇ ਬਜਟ ਪਾਸ ਕਰਨ ਲਈ ਹੀ ਹੁੰਦੇ ਹਨ। ਇਹ ਹੀ ਇਕ ਅਜਿਹੀ ਪਾਰਲੀਮੈਂਟ ਹੈ, ਜਿੱਥੇ ਕਦੇ ਕੋਈ ਮਤਾ ਕਿਸੇ ਮੈਂਬਰ ਵੱਲੋਂ ਪੇਸ਼ ਨਹੀਂ ਕੀਤਾ ਗਿਆ, ਨਾ ਚਰਚਾ ਹੋਈ ਅਤੇ ਨਾ ਹੀ ਪ੍ਰਵਾਨ

ਹੋਇਆ। ਇਸ ਪਾਰਲੀਮੈਂਟ ਦਾ ਕੋਈ ਆਪਣਾ ਹਾਊਸ ਵੀ ਨਹੀ। ਜਿੱਥੇ ਲੋਕਤੰਤਰ ਢੰਗ ਨਾਲ ਸਿੱਖ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਹੋਰ ਲੋਕਤੰਤਰੀ ਵਿਧਾਨਕ ਸੰਸਥਾਵਾਂ ਵਾਂਗ ਚਰਚਾ ਹੋ ਸਕੇ, ਮਤੇ ਪਾਸ ਹੋ ਕੇ ਜਥੇਦਾਰ ਤਖਤ ਸਾਹਿਬਾਨ ਨੂੰ ਵਿਚਾਰ ਲਈ ਭੇਜੇ ਜਾਣ, ਜਿਸ ਨਾਲ ਲੋਕਾਂ ਵੱਲੋਂ ਚੁਣੇ ਨੁਮਾਇੰਦੇ ਲੋਕ ਭਾਵਨਾ ਅਨੁਸਾਰ ਫੈਸਲਾ ਕਰ ਸਕਣ। ਇਜਲਾਸ ਵਿੱਚ ਪਾਸ ਕੀਤੇ ਜਾਂਦੇ ਮਤੇ ਕੇਵਲ ਇੱਕ ਪੱਖ ਵੱਲੋਂ ਤਿਆਰ ਹੋ ਕੇ ਪ੍ਰਵਾਨ ਕਰਵਾਏ ਜਾਂਦੇ ਹਨ, ਜਿਨ੍ਹਾਂ ਦੀਆਂ ਨਕਲਾਂ ਕਈ ਵਾਰ ਤਾਂ ਇਕ ਦਿਨ ਪਹਿਲੇ ਹੀ ਖੁਫੀਆਂ ਵਿਭਾਗ ਦੇ ਅਧਿਕਾਰੀਆਂ ਕੋਲ ਪਹੁੰਚ ਜਾਂਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ ਕਰਨ ਦੇ ਢੰਗ ਵਿੱਚ ਊਣਤਾਈਆਂ ਕਾਰਨ ਪੰਥਕ ਵਿਵਾਦ ਵੱਧ ਰਹੇ ਹਨ। ਤਖ਼ਤਾਂ ਦੇ ਜਥੇਦਾਰ ਜਾਂ ਸਿੰਘ ਸਾਹਿਬਾਨ ਵੱਲੋਂ ਆਮ ਸੰਗਤ ਨੂੰ ਭਰੋਸੇ ਵਿੱਚ ਲਏ ਬਿਨ੍ਹਾਂ ਕੀਤੇ ਫੈਸਲੇ ਵੀ ਅਸਲ ਨੀਅਤ ਤੇ ਸਾਰਥਿਕਤਾ ਬਾਰੇ ਸ਼ੱਕ ਪੈਦਾ ਕਰਦੇ ਹਨ।

ਤਖ਼ਤਾਂ ਦੇ ਜਥੇਦਾਰ, ਸਿੰਘ ਸਾਹਿਬਾਨ ਦੀ ਸੰਸਥਾ, ਦੀ ਪਹੁੰਚ ਵੀ ਦੂਜੇ ਰਾਜਾਂ ਵਿੱਚ ਵਸਦੇ ਸਿੱਖਾਂ ਤੱਕ ਨਹੀਂ ਹੈ। ਕੇਵਲ ਵਿਵਾਦ ਤੇ ਆਪਸੀ ਝਗੜਿਆਂ ਦੇ ਫੈਸਲੇ ਕਰਦੇ, ਉਹ ਧਾਰਮਿਕ ਆਗੂ ਦੀ ਥਾਂ ਆਪਣੇ ਆਪ ਨੂੰ ਅਦਾਲਤੀ ਅਧਿਕਾਰੀਆਂ ਵਜੋਂ ਪੇਸ਼ ਕਰ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਨੀਆਂ ਭਰ ਦੇ ਸਿੱਖਾਂ ਦੀ ਰਹਿਨੁਮਾਈ ਦਾ ਅਧਿਕਾਰ ਦੱਸਦੀ ਹੈ, ਪਰ ਦੁਨੀਆਂ ਭਰ, ਭਾਰਤ ਦੇ ਹੋਰ ਸੂਬਿਆਂ ਵਿੱਚ ਵਸਦੇ, ਸਿੱਖਾਂ ਨਾਲ ਮੇਲ-ਜੋਲ, ਧਰਮ ਪ੍ਰਚਾਰ, ਧਾਰਮਿਕ ਖੋਂ ਤੇ ਲਿਟਰੇਚਰ ਦੀ ਵੰਡ ਵੱਲ ਕੋਈ ਉੱਦਮ ਕਰਦੀ, ਲੋਕਾਂ ਸਾਹਮਣੇ ਨਹੀਂ ਹੁੰਦੀ। ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਦੀ ਥਾਂ ਕਮਜੋਰੀ ਤੇ ਹੇਰਾ-ਫੇਰੀ ਦੇ ਚਰਚੇ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਅਜਿਹੇ ਹਲਾਤਾਂ ਕਾਰਨ ਹੀ ਰਾਜਸਥਾਨ ਤੇ ਜੰਮੂ-ਕਸ਼ਮੀਰ ਵਿੱਚ ਵਸਦੇ ਸਿੱਖ ਵੀ ਵੱਖਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਮੰਗ ਕਰਨ ਲੱਗ ਪਏ ਹਨ।

ਧਾਰਮਿਕ ਸਥਾਨਾਂ ਦੇ ਪ੍ਰਬੰਧ ਲਈ ਰਾਜਨੀਤਿਕ ਧੜੇਬੰਦੀ ਦੇ ਭਾਰੂ ਹੋਣ ਨਾਲ, ਸਭ ਜਗ੍ਹਾ ਰਾਜਨੀਤੀ ਧਰਮ ਤੇ ਭਾਰੂ ਹੋ ਚੁੱਕੀ ਹੈ। ਜਿਸ ਕਾਰਨ ਧਰਮ ਦੀ ਖੋਜ ਤੇ ਪ੍ਰਚਾਰ ਵਿੱਚ ਖੜੋਤ ਜਾਂ ਗਿਰਾਵਟ ਆ ਰਹੀ ਹੈ। ਧਰਮ, ਏਕਤਾ, ਇਕਸੁਰਤਾ, ਵਿਸ਼ਵਾਸ, ਸ਼ਰਧਾ, ਸੇਵਾ ਤੇ ਭਾਈਚਾਰੇ ਨਾਲ ਹੀ ਮਜਬੂਤ ਹੁੰਦਾ ਹੈ। ਮਰਿਆਦਾ, ਡੇਰਾਵਾਦ ਤੇ ਹੋਰ ਵੱਖਰੇਵੇਂ ਇੱਕ ਦੂਜੇ ਨਾਲੋਂ ਦੂਰ ਕਰਦੇ ਹਨ। ਸਿੱਖ ਧਰਮ ਦੁਨੀਆ ਦਾ ਨਵੀਨਤਮ ਧਰਮ ਹੈ ਜੋ ਕਰਮ ਕਾਡਾਂ ਤੇ ਪੁਜਾਰੀਵਾਦ ਨੂੰ ਮਾਨਤਾ ਨਹੀਂ ਦਿੰਦਾ। **"ਆਪਣਾ ਮੀਤ ਹਮ ਸਭ ਕੋ ਕੀਨਾ ਹਮ ਸਭਨਾ ਕੇ ਸਾਜਨ॥"** ਦੇ ਹੁਕਮ ਮੰਨਣ ਵਾਲਿਆਂ ਅੰਦਰ ਜੇਕਰ ਆਪਸ ਵਿੱਚ ਹੀ ਏਕਤਾ ਨਾ ਰਹੇ ਤਾਂ ਇਹ ਗੰਭੀਰ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ।

ਪੰਥਕ ਸਮੱਸਿਆਵਾਂ ਲਈ ਜੇਕਰ ਕਿਸੇ ਇੱਕ ਸੰਸਥਾ ਨੂੰ ਜਿੰਮੇਵਾਰ ਮੰਨਿਆ ਜਾਵੇ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ। ਮਹਾਨ ਕੋਸ਼ ਵਿੱਚ ਇਸ ਕਮੇਟੀ ਤੋਂ ਆਸ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਪੰਥ ਦੇ ਵਿਚਾਰਵਾਨ, ਸਾਰੇ ਜਥੇ ਅਤੇ ਸਿੱਖ ਸਮਾਜ ਦਿਲੋਂ ਚਾਹੁੰਦੇ ਹਨ ਕਿ ਗੁਰਦੁਆਰਿਆਂ ਦਾ ਪ੍ਰਬੰਧ ਹੋਰਨਾਂ ਲਈ ਉਦਾਹਰਣ ਰੂਪ ਹੋਵੇ। ਜਿਸ ਲਈ

(ੳ) ਗੁਰਦੁਆਰਿਆਂ ਦੇ ਸੇਵਕ ਗੁਰਮਤਿ ਦੇ ਪੂਰੇ ਗਿਆਤਾ, ਵਿਦਵਾਨ ਅਤੇ ਸਦਾਚਾਰੀ ਹੋਣ।

(ਅ) ਜਦ ਤੱਕ ਉਦਾਸੀ, ਨਿਹੰਗ, ਨਿਰਮਲੇ, ਨਾਮਧਾਰੀ ਆਦਿਕ ਫਿਰਕੇ ਤੁਅਸਬ ਛੱਡ ਕੇ ਆਪਣੇ ਤਾਂਈ ਇੱਕ ਪਿਤਾ ਦੇ ਪੁੱਤਰ ਜਾਣ ਕੇ ਭ੍ਰਾਤਰੀ ਭਾਵ ਦਾ ਵਰਤਾਉ ਨਹੀਂ ਕਰਦੇ।

(ੲ) ਜਦੋਂ ਤੱਕ ਮਾਇਆ ਦੇ ਜਾਲ ਤੋਂ ਮੁਕਤ ਹੋ ਕੇ ਨਿਸ਼ਕਾਮ ਸੇਵਾ ਨੂੰ ਆਪਣਾ ਆਦਰਸ਼ ਨਹੀਂ ਬਣਾਉਂਦੇ, ਤਦ ਤੱਕ 'ਸੁਧਾਰ' ਅਤੇ 'ਪ੍ਰਬੰਧ' ਸ਼ਬਦ, ਕੇਵਲ ਲਿਖਣ ਅਤੇ ਬੋਲਣ ਵਿੱਚ ਹੀ ਰਹਿਣਗੇ।

ਭਾਈ ਕਾਹਨ ਸਿੰਘ ਨਾਭਾ ਜੀ ਦੀ ਆਸ ਤੇ ਵੀ, ਸਾਰੇ ਪੰਥ ਵਾਂਗ, ਇਹ ਸੰਸਥਾ ਪੂਰੀ ਨਹੀਂ ਉਤਰੀ।

# ਵਿਸ਼ਵ ਧਰਮ ਦੇ ਸੰਸਥਾਪਕ, ਗੁਰੂ ਨਾਨਕ

ਡਾ. ਸਰੂਪ ਸਿੰਘ ਅਲੱਗ

ਧਰਮ ਮਨੁੱਖ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਵਿੱਤਰਤਾ ਭਰਿਆ ਜੀਵਨ, ਚੱਜ-ਆਚਾਰ ਅਤੇ ਸੁੱਚੀ ਮਰਿਆਦਾ ਵਿਚ ਜੀਣ ਦੀ ਕਲਾ ਦਾ ਧਾਰਨੀ ਬਣਾਉਂਦਾ ਹੈ। ਗੁਰੂ ਨਾਨਕ ਸਾਹਿਬ ਧਾਰਮਿਕ ਮਨੁੱਖ ਦੀਆਂ ਕਈ ਵਿਸ਼ੇਸ਼ਤਾਵਾਂ ਦੱਸਦਿਆਂ ਹੋਇਆਂ ਜਿਸ 'ਤੇ ਉਹ ਸਭ ਤੋਂ ਵੱਧ ਜ਼ੋਰ ਦਿੰਦੇ ਹਨ' ਉਹ ਸੱਚ 'ਤੇ ਅਧਾਰਿਤ ਅਚਾਰ ਹੈ, ਜੀਵਨ-ਜਾਂਚ ਹੈ, ਜਿਸ ਦੀ ਪ੍ਰਵਾਣਤਾ ਸਮੁੱਚੇ ਵਿਸ਼ਵ ਭਾਈਚਾਰੇ ਵਿਚ ਇਕ ਸਮਾਨ ਹੈ। ਅਜਿਹਾ ਆਚਾਰ, ਵਿਹਾਰ ਸਭ ਨੂੰ ਭਾਵੰਦਾ ਹੈ :

***ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥***

(ਅੰਗ ੬੨)

ਇਸ ਗੱਲ ਤੇ ਵੀ ਲਗਭਗ ਆਮ ਸਹਿਮਤੀ ਮਿਲਦੀ ਹੈ ਕਿ ਸੱਚ ਨਾਲ ਸਜਿਆ ਵਿਹਾਰ ਹਰ ਥਾਈਂ ਸਰਲ ਤੇ ਵਿਸ਼ਵਾਸ਼ਕਾਰੀ ਵਿਹਾਰ ਵਿਕਸਤ ਕਰਦਾ ਹੈ। ਜੇਕਰ ਇਸ ਦੇ ਨਾਲ-ਨਾਲ ਅਭਿਲਾਸ਼ੀ ਦੇ ਜੀਵਨ ਵਿਚ ਨਿਮਰਤਾ, ਹਲੀਮੀ, ਬਰਾਬਰੀ, ਨੇਕ ਕਿਰਤ ਕਰਨ, ਵੰਡ ਛੱਕਣ ਅਤੇ ਸਰਬ-ਸਾਂਝੀ ਭਾਵਨਾ ਨਾਲ ਜੀਵਨ ਦੀ ਸੋਝੀ ਵੀ ਜਾਵੇ ਤਾਂ ਫਿਰ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਗੁਰੂ ਨਾਨਕ ਸਾਹਿਬ ਅਜਿਹੀ ਪੁਨੀਤਤਾ ਨੂੰ ਵਿਸ਼ਵ ਧਰਮ ਦਾ ਆਧਾਰ ਬਣਾਉਣ ਲਈ ਲੋਚਦੇ ਹੋਏ ਸਰਗਰਮ ਰਹੇ ਤਾਂ ਕਿ ਵਿਸ਼ਵ ਸਮਾਜ, ਜਾਤ-ਪਾਤ, ਕਰਮ ਕਾਂਡ, ਰੰਗ ਭੇਦ, ਊਚ ਨੀਚ, ਦੇਸ਼ ਪ੍ਰਦੇਸ ਦੇ ਹੱਦ ਬੰਨ੍ਹਿਆਂ ਤੋਂ ਉੱਪਰ ਉਠ ਕੇ ਮਾਨਵਵਾਦ ਦਾ ਚਾਹਵਾਨ ਬਣ ਜਾਵੇ, ਜਿਸ ਨੂੰ 'ਕੁਦਰਤਿ ਕੇ ਸਭ ਬੰਦੇ' ਇਕੋ ਜਿਹੇ ਦਿੱਸਣ ਅਤੇ ਨਾ ਕੋਈ ਹਿੰਦੂ ਦਿਸੇ ਤੇ ਨਾ ਹੀ ਕੋਈ ਮੁਸਲਮਾਨ। ਗੁਰੂ ਨਾਨਕ ਥਾਂ ਪਰ ਥਾਂ ਇਸ ਸੋਚ ਨੂੰ ਬੜ੍ਹਾਵਾਂ ਦੇਂਦੇ ਰਹੇ।

ਵੇਈਂ ਨਦੀ ਵਿਚ ਤਿੰਨ ਦਿਨ ਜਲ ਸਮਾਧੀ ਵਿਚ ਲੀਨ ਬਾਬਾ ਨਾਨਕ ਨੂੰ ਪੁਰਾਤਨ ਜਨਮ ਸਾਖੀਆਂ ਅਨੁਸਾਰ ਪਰਮੇਸ਼ਰ ਨੇ ਨਾਮ ਅੰਮ੍ਰਿਤ ਰੂਪੀ ਪਿਆਲਾ ਭੇਟ ਕਰਕੇ ਕਿਹਾ ਕਿ ਇਸ ਨੂੰ ਗ੍ਰਹਿਣ ਕਰਨ ਨਾਲ ਤੈਨੂੰ ਮੇਰੇ ਨਾਮ ਦੀ ਦਾਤ ਪ੍ਰਾਪਤ ਹੋਵੇਗੀ। ਇਸ ਦਾਤ ਤੋਂ ਆਪ ਵੀ ਆਨੰਦ ਮਾਣ ਤੇ ਸਰਬ ਲੁਕਾਈ ਨੂੰ ਵੀ ਨਾਮ ਨਾਲ ਜੁੜਨ ਲਈ ਪ੍ਰੇਰਿਤ ਕਰ ਤਾਂ ਕਿ ਵਿਸ਼ਵ ਭਾਈਚਾਰੇ ਵਿਚ ਆਤਮਿਕ ਨਿਖਾਰ ਆਵੇ, ਸਾਰੇ ਇਕੋ ਨੂਰ ਦੇ ਉਪਾਸ਼ਕ ਹੋ ਸਕਣ। ਗੁਰੂ ਨਾਨਕ ਪ੍ਰਮਾਤਮਾ ਪਾਸੋਂ ਅਣਮੋਲ ਦਾਤਾਂ ਪ੍ਰਾਪਤ ਕਰਕੇ ਪ੍ਰਸੰਨਚਿਤ ਹੋਏ ਤੇ ਵੇਈਂ ਨਦੀ ਤੋਂ ਬਾਹਰ ਆ ਕੇ ਉਨ੍ਹਾਂ ਨੇ ੧ੴ ਏਕਓਅੰਕਾਰ ਦੀ ਜੈਕਾਰ ਕੀਤੀ ਤੇ ਪ੍ਰਮਾਤਮਾ ਦੀ ਉਸਤਤ ਦਾ ਡੰਕਾ ਸਾਰੇ ਸੰਸਾਰ ਵਿਚ ਵਜਾਉਣ ਲਈ ਕਮਰਕਸੇ ਕਰ ਲਏ। ਭਾਈ ਮਰਦਾਨੇ ਨੂੰ ਨਾਲ ਲੈ ਕੇ ਭਾਈ ਗੁਰਦਾਸ ਜੀ ਸ਼ਬਦਾਂ ਅਨੁਸਾਰ, ਦੁਨੀਆਂ ਨੂੰ ਪ੍ਰਮਾਤਮਾ ਦੇ ਇਲਾਹੀ ਨਾਮ ਨਾਲ ਸ਼ਰਮਸਾਰ ਕਰਨ ਲਈ ਵਿਸ਼ਵ ਦੇ ਰਟਨ ਲਈ ਤੁਰ ਪਏ। ਟੀ.ਐਲ. ਵਾਸਵਾਨੀ ਅਤੇ ਭਾਈ ਚੇਲਾ ਰਾਮ ਅਨੁਸਾਰ ਬਾਬੇ ਨਾਨਕ ਨੇ '੧ੴ' ਦੀ ਅਲਖ ਜਗਾ ਕੇ ਵਿਸ਼ਵ ਧਰਮ ਦੇ ਬੀਜ ਬੀਜ ਦਿੱਤੇ। ਸਾਰੀ ਦੁਨੀਆਂ ਦਾ ਸੁਆਮੀ ਇਕੋ ਅਕਾਲ ਪੁਰਖ ਹੀ ਹੈ ਤੇ ਬਾਬੇ ਦੇ ਸੰਦੇਸ਼ ਨੇ ਸਾਰੇ ਸੰਸਾਰ ਨੂੰ ਇਕੋ ਲੜੀ ਵਿਚ ਪਰੋਣ ਦੀ ਪਹਿਲ ਕਰ ਦਿੱਤੀ ਹੈ।

***ਚੜ੍ਹਿਆ ਸੋਧਣਿ ਧਰਤਿ ਲੁਕਾਈ॥***

**(ਪਉੜੀ ੨੪, ਵਾਰ ੧)**

ਬਾਬੇ ਨੇ ਆਪਣੇ ਇਸ ਅਦੁੱਤੀ ਮਿਸ਼ਨ ਦੀ ਪੂਰਤੀ ਲਈ ਹਰ ਔਖ-ਸੌਖ ਖਿੜੇ ਮੱਥੇ ਝੱਲੀ। ਜੋ ਜੜੀ ਬੂਟੀ ਜਾਂ ਰੁਖਾ ਸੁਖਾ ਅੰਨ ਦਾਣਾ, ਪੇਟ ਦੀ ਭੁੱਖ ਮਿਟਾਉਣ ਨੂੰ ਮਿਲਿਆ, ਉਸ ਨੂੰ ਅੰਮ੍ਰਿਤ ਸਮਝ ਕੇ

ਭੁੰਚਿਆ। ਰੋੜਾਂ ਤੇ ਵੀ ਰੈਣ ਬਸੇਰਾ ਕਰਨਾ ਪਿਆ ਤਾਂ ਸ਼ੁਕਰ ਸ਼ੁਕਰ ਕਰਕੇ ਅਕਾਲ ਉਸਤਤ ਵਿਚ ਹੀ ਸਮਾਂ ਗੁਜ਼ਾਰਿਆ। ਆਪਣੇ ਆਪ ਨੂੰ ਬੜਾ ਖ਼ੁਸ਼ਕਿਸਮਤ ਸਮਝਿਆ ਕਿ ਪ੍ਰਮਾਤਮਾ ਨੇ ਵਿਹਲੜ ਨਾਨਕ ਨੂੰ ਚੰਗੇ ਕਾਰੇ ਲਾ ਕੇ ਉਸ ਦੇ ਜੀਵਨ ਨੂੰ ਸਾਰਥਿਕਤਾ ਬਖ਼ਸ਼ ਦਿੱਤੀ ਹੈ ਨਹੀਂ ਤਾਂ ਉਹ ਦੁਨਿਆਵੀਂ ਕੰਮਾਂ ਕਾਜਾਂ ਵਿਚ ਪੈ ਕੇ ਆਪਣੇ ਪਰਿਵਾਰ ਦੀ ਪ੍ਰਿਤਪਾਲਣਾ ਤੇ ਉਸ ਦੇ ਇੱਜ਼ਤਦਾਰੀ ਭਰੇ ਵਸੇਬੇ ਦੇ ਮੋਹ ਵਿਚ ਹੀ ਦੁਨਿਆਵੀਂ ਰਟ ਵਿਚ ਹੀ ਗ਼ਰਕ ਹੋਇਆ ਰਹਿੰਦਾ। ਗੁਰੂ ਸਾਹਿਬ ਆਪਣੇ ਇਕ ਸ਼ਬਦ ਵਿਚ ਜੋ, ਗੁਰੂ ਗ੍ਰੰਥ ਸਾਹਿਬ ਦੇ ਅੰਗ 150 ਤੇ ਸ਼ੁਭਾਇਮਾਨ ਹੈ, ਆਪਣੇ ਉੱਤੇ ਪ੍ਰਮਾਤਮਾ ਦੀਆਂ ਮਿਹਰਬਾਨੀਆਂ ਕੇ ਕਰਮ ਫਰਮਾਈਆਂ ਦਾ ਜ਼ਿਕਰ ਕਰਦੇ ਹੋਏ ਫਰਮਾਉਂਦੇ ਹਨ ਕਿ ਪ੍ਰਮਾਤਮਾ ਨੇ ਇਕ ਬੇਕਾਰ ਤੇ ਢਾਢੀ ਨੂੰ ਆਪਣੇ ਚੰਗੇ ਕਾਰਜ ਤੇ ਲਾ ਦਿੱਤਾ ਹੈ। ਉਸ ਨੇ ਮੁੱਢ ਧੁਰੋਂ ਹੀ ਮੈਨੂੰ ਇਹ ਹੁਕਮ ਕੀਤਾ ਹੈ ਕਿ ਮੈਂ ਉਸ ਦੀ ਪਵਿੱਤਰ ਕਿਰਤੀ ਦਾ ਹਰ ਕਿਸੇ ਪਾਸੇ ਬਖਾਨ ਕਰਾਂ। ਉਸ ਨੇ ਮੈਨੂੰ ਆਪਣੇ ਮਹਿਲਾਂ ਵਿਚ ਆਪਣੀ ਹਾਜ਼ਰੀ ਵਿਚ ਬੁਲਾਇਆ ਅਤੇ ਆਪਣੀ ਸੱਚੀ ਉਸਤਤਿ ਅਤੇ ਸ਼ਾਨ ਰੂਪੀ ਪੌਸ਼ਾਕ ਮੈਨੂੰ ਖ਼ੁਦ ਆਪ ਅੰਗੀਕਾਰ ਕਰਵਾਈ ਅਤੇ ਆਪਣੇ ਨਾਮ ਰੂਪੀ ਅੰਮ੍ਰਿਤ ਨੂੰ ਮੇਰਾ ਆਹਾਰ ਬਣਾ ਦਿੱਤਾ। ਇਸ ਲਈ ਜਿਹੜੇ ਵੀ ਗੁਰੂ ਦੀਆਂ ਸਿੱਖਿਆਵਾਂ ਤੇ ਅਮਲ ਕਰਦੇ ਹਨ ਅਤੇ ਇਸ ਅੰਮ੍ਰਿਤ ਭੋਜਨ ਨੂੰ ਭੁੰਚਦੇ ਹਨ, ਉਹ ਤ੍ਰਿਪਤ ਹੋ ਜਾਂਦੇ ਹਨ ਅਤੇ ਆਤਮਿਕ ਸ਼ਾਂਤੀ ਦੇ ਧਾਰਨੀ ਬਣ ਜਾਂਦੇ ਹਨ। ਗੁਰੂ ਨਾਨਕ ਫੁਰਮਾਉਂਦੇ ਹਨ ਕਿ ਜਿਥੇ ਤੱਕ ਨਾਨਕ ਗਰੀਬੜੇ ਦਾ ਸਬੰਧ ਹੈ, ਸਚਿਆਰੇ ਨੂੰ ਧਿਆਉਣ ਨਾਲ ਉਸ ਦੀ ਸੰਪੂਰਨਤਾ ਨਸੀਬ ਹੋਈ ਹੈ :

*ਹਉ ਢਾਢੀ ਵੇਕਾਰੁ ਕਾਰੈ ਲਾਇਆ ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥*

(ਅੰਗ ੧੫੦)

ਗੁਰੂ ਸਾਹਿਬ ਦੇ ਉਚਰੇ ਇਸ ਸ਼ਬਦ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਪ੍ਰਭੂ ਪਿਆਰ ਉਜਾਗਰ ਕਰਨ ਦਾ ਮਿਸ਼ਨ ਕਿਸੇ ਇਕ ਜ਼ਾਤ ਬਰਾਦਰੀ ਜਾਂ ਦੇਸ਼ ਦੇ ਵਸਨੀਕਾਂ ਲਈ ਨਹੀਂ ਸੀ ਸਗੋਂ ਉਹ ਤਾਂ ਵਿਸ਼ਵ ਸਮਾਜ ਨੂੰ ਇਕ ਪਰਿਵਾਰ ਸਮਝਦਿਆਂ ਹੋਇਆ ਸਭ ਦੇ ਪਾਰ-ਉਤਾਰੇ ਲਈ ਕਰਮਸ਼ੀਲ ਸਨ, ਫਿਕਰਮੰਦ ਸਨ। ਇਸੇ ਵਿਸ਼ਵ ਧਰਮ ਦੀ ਸੋਚ ਨੂੰ ਮਨ ਵਿਚ ਲੈ ਕੇ ਉਨ੍ਹਾਂ ਨੇ ਉਸ ਸਮੇਂ ਦੇ ਸੰਸਾਰ ਦਾ ਰਟਨ ਕੀਤਾ। 25 ਸਾਲ ਲੱਗਾ ਕੇ ਚਾਰ ਉਦਾਸੀਆਂ ਵਿਚ ਹਰ ਹਿਰਦੇ ਵਿਚ ਪ੍ਰਮਾਤਮਾ ਦੇ ਪਿਆਰ ਦੀਆਂ ਕਣੀਆਂ ਮੂਰਤੀਮਾਨ ਕਰਨ ਦੇ ਪ੍ਰਯਾਸਾਂ ਵਿਚ ਨਿਰਵਿਘਨ ਲੱਗੇ ਰਹੇ, ਨਾ ਦਿਨ ਦੇਖਿਆ ਨਾ ਰਾਤ। ਪ੍ਰਮਾਤਮਾ ਦੇ ਨਾਂ ਦਾ ਢੰਢੋਰਾ ਦੇਂਦੇ ਹੀ ਗਏ ਅਤੇ ਆਪਣੇ ਪਿਆਰ ਭਰੇ ਮਧੁਰ ਬਚਨਾਂ ਅਤੇ ਸ਼ੁਭ, ਬਾਦਲੀਲ ਵਿਚਾਰਾਂ ਦੀ ਬਦੌਲਤ ਹਰ ਕਿਸੇ ਨੂੰ ਪ੍ਰਮਾਤਮਾ ਦੇ ਗਾਡੀ ਰਾਹੀ ਦਾ ਪਾਂਧੀ ਬਣਾਉਂਦੇ ਰਹੇ। ਸਭ ਕੁਝ ਲਗਾਤਾਰ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੇ ਕਿਸੇ ਪ੍ਰਕਾਰ ਦਾ ਕੋਈ ਕਰੈਡਿਟ ਕਦੇ ਵੀ ਆਪ ਨਹੀਂ ਲਿਆ। ਉਹ ਤਾਂ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਸਮਝਦੇ ਅਤੇ ਜੇਕਰ ਉਨ੍ਹਾਂ ਦੀ ਇਸ ਲੰਮੀ ਨਦਰ ਨਿਹਾਲੀ ਸੋਚ ਦੀ ਕੋਈ ਉਪਮਾ ਵੀ ਕਰਨਾ ਚਾਹੁੰਦਾ ਤਾਂ ਬੜੀ ਅਜਾਜ਼ੀ ਨਾਲ ਕਹਿ ਦੇਂਦੇ ਕਿ ਮੈਂ ਤਾਂ ਮੂਰਖ ਮੁਗਧ ਅੰਜਾਣ ਹਾਂ, ਮੈਨੂੰ ਤਾਂ ਜਿਵੇਂ ਜਿਵੇਂ ਖਸਮ ਦੇ ਇਲਾਹੀ ਬੋਲਾਂ ਦਾ ਆਵੇਸ਼ ਹੁੰਦਾ ਹੈ, ਮੈਂ ਉਨ੍ਹਾਂ ਨੂੰ ਪੇਸ਼ ਕਰ ਦੇਂਦਾ ਹਾਂ, ਮੇਰੀ ਆਪਣੀ ਓਕਾਤ ਕੁਝ ਵੀ ਨਹੀਂ।

***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥***

(ਅੰਗ ੭੨੨)

ਇਹ ਕਹਿਣ ਵਿਚ ਕਿਤਨੀ ਨਿਮਰਤਾ ਉਜਾਗਰ ਹੁੰਦੀ ਹੈ ਕਿ ਜਿਵੇਂ ਜਿਵੇਂ ਮੈਨੂੰ ਹੁਕਮ ਹੁੰਦਾ ਹੈ ਤਿਵੇਂ ਤਿਵੇਂ ਹੀ ਮੈਂ ਬੋਲ ਦੇਂਦਾ ਹਾਂ ਮੈਂ ਆਪ ਤਾਂ ਬੋਲਣਾ ਜਾਣਦਾ ਹੀ ਨਹੀਂ। ਮੇਰੀ ਆਪਣੀ ਹਸਤੀ ਤਾਂ ਕੁਝ ਵੀ ਨਹੀਂ।

ਬਾਬਾ ਨਾਨਕ, ਧਰਤ ਲੁਕਾਈ ਨੂੰ ਰੱਬ ਦੇ ਨਾਂ

